# ਵਿਚਲਾ

ਸੁਮਨ ਲਤਾ



# ਵੇਦਨਾ

ਸੁਮਨ ਲਤਾ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ।

# VEDNA

BY

SUMAN LATA:

ਪਹਿਲੀ ਵਾਰ: 1 ਨਵੰਬਰ, 1996

ਪ੍ਰਕਾਸ਼ਕ: ਗੁਰਸ਼ਰਨ ਸਿੰਘ
ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ
1245/23-ਬੀ,
ਚੰਡੀਗੜ੍ਹ

ਛਾਪਕ: ਜੇ. ਐਨ. ਕੰਪਿਊਟਰਜ਼
ਬਸਤੀ ਨੌਂ, ਜਲੰਧਰ-2

ਮੁੱਲ: ਪੇਪਰ ਬੈਕ: 15 ਰੁਪਏ
ਸਜਿਲਦ: : 25 ਰੁਪਏ

## ਤਤਕਰਾ


| | |
|---|---|
| ਔਰਤ ਦੀ ਵੇਦਨਾ | 9 |
| ਜ਼ਮੀਰ | 11 |
| ਸੁਆਲ | 12 |
| ਉਹ ਕੀ ਜਾਣੇ | 14 |
| ਕੁੜੀਏ ਨੀ | 15 |
| ਕ੍ਰਿਸ਼ਮੇ | 16 |
| ਜਗ ਦੀ ਜਨਨੀ | 17 |
| ਕਲੀ | 19 |
| ਇਕ ਔਰਤ | 20 |
| ਧੀ ਦੇ ਨਾਂ | 21 |
| ਕਿਹੜਾ ਘਰ ਐ ਮੇਰਾ | 23 |
| ਉਹ ਤਾਂ ਇਹੋ ਚਾਹੁੰਦਾ ਹੈ | 24 |
| ਕਿਵੇਂ ਜੀਣਾ ਏਂ | 25 |
| ਅੰਦਰਲੀ ਔਰਤ | 26 |
| ਵਿਆਂਦੜ ਕੁੜੀ | 28 |
| ਮਾਲਕਣ ਤੇ ਨੌਕਰਾਣੀ | 29 |
| ਗੋਸ਼ਟੀ | 30 |
| ਵੰਗਾਰ | 31 |
| ਗੀਤ | 32 |
| ਜਖਮਾਂ ਦੀ ਦਾਸਤਾਂ | 33 |
| ਜਾਲਮ | 35 |
| ਉਹ ਬੋਲੀ | 37 |
| ਅਸੀਂ ਬਣ ਗਏ ਹਾਂ/ਕੋਰੜੇ | 38 |
| ਦਰਦ | 39 |
| ਤੁਸੀਂ ਮਨੋ ਭਾਵੇਂ ਨਾ/ਲੋਕ ਰਾਜ | 40 |
| 26 ਜਨਵਰੀ | 41 |
| ਸਿਰ ਚਾਹੀਦਾ ਹੈ | 42 |
| ਅਸੀਂ ਜੰਮੇ ਹਾਂ | 43 |
| ਕਾਇਰ | 45 |
| ਅਜ਼ਾਦੀ | 46 |
| ਇਹ ਜ਼ਿੰਦਗੀ | 48 |
| ਪਵਿੱਤਰ ਪੋਥੀ | 50 |
| ਉਮਰ ਕੈਦ | 51 |

| | |
|---|---|
| ਤੁਸੀਂ ਚਾਹੁੰਦੇ ਹੋ | 52 |
| ਬਾਬਲਾ | 53 |
| ਇਕ ਤਸਵੀਰ | 54 |
| ਨਵਾਂ ਸਾਲ ਮੁਬਾਰਕਬਾਦ | 56 |
| ਸੋਨੇ ਦੀਏ ਚਿੜੀਏ | 58 |
| ਇਹ ਧਰਤੀ ਮੇਹਨਤੀ ਲੋਕਾਂ | 59 |
| ਤੇ ਅਸੀਂ | 61 |
| ਮਸ਼ਾਲ | 62 |
| ਅੰਤਾਂ ਦਾ ਸੋਗ | 64 |
| ਪਿੰਡਾਂ ਜਿਉਂਦਾ ਵਸਦਾ ਰਾਵੀਂ | 65 |
| ਬਾਰੂਦੀ ਝੱਖੜ | 66 |
| ਕਤਲ ਕਿਉਂ ਹੁੰਦੇ ਐ | 67 |
| ਲੈ ਧਰਮ ਦੀ ਓਟ | 68 |
| ਉਹ ਕੌਣ | 70 |
| ਲਾਲ ਰੰਗ | 71 |
| ਸ਼ੋਰ | 72 |
| ਮੰਤਰੀ ਦਾ ਭਾਸ਼ਣ | 73 |
| ਚੰਦਰੀਏ ਹਵਾਏ | 74 |
| ਹੁਣ ਤਾਂ | 76 |
| ਮਹਾਂ ਮਹਾਂ ਬਹਾਦਰ | 77 |
| ਧਰਮ ਕਰਮ | 79 |
| ਰੱਤੋ | 80 |
| ਸੂਹੀ ਪੌਣ ਦੇ ਬੋਲ | 82 |
| ਪੌਣ ਹੱਥ ਸੁਨੇਹਾ | 84 |

# ਆਦਿਕਾ

ਸੁਮਨ ਲਤਾ ਦਾ ਨਾਂ ਹੁਣ ਤਾਈਂ ਪੰਜਾਬੀ ਕਲਾ ਹਲਕਿਆਂ ਵਿਚ ਇਕ ਰੰਗ ਕਰਮੀ ਵਜੋਂ ਵਧੇਰੇ ਜਾਣਿਆ ਜਾਂਦਾ ਹੈ। 'ਸਰਦਲ' ਦੀ ਸੰਪਾਦਨਾ ਕਾਰਨ ਉਹ ਪੰਜਾਬੀ ਸਾਹਿਤ ਨਾਲ ਜੁੜੀ ਤੇ ਹੁਣ ਇਸ ਕਾਵਿ ਪੁਸਤਕ ਦੀ ਪ੍ਰਕਾਸ਼ਨਾ ਰਾਹੀਂ ਉਸਨੇ ਪੰਜਾਬੀ ਸਾਹਿਤ ਨਾਲ ਆਪਣੀ ਸਾਂਝ ਨੂੰ ਹੋਰ ਪੀਡੀ ਕਰਨ ਦਾ ਯਤਨ ਕੀਤਾ ਹੈ।

ਸੁਮਨ ਲਤਾ ਇਹਨਾਂ ਕਵਿਤਾਵਾਂ ਨੂੰ "ਕਵਿਤਾ ਨਹੀਂ ਦਿਲ ਦੇ ਵਲਵਲੇ" ਆਖਦੀ ਹੈ। ਸੱਚਮੁੱਚ ਇਹ ਵੇਦਨਾ ਕਾਵਿ ਸੰਗ੍ਰਹਿ ਦੀ ਆਪਣੀ ਜੀਵਨ ਜਾਚ ਦਾ ਹੀ ਭਾਵੁਕ ਪ੍ਰਗਟਾਵਾ ਹੈ। ਕਲਾ ਤੇ ਸਮਾਜਿਕ ਜੀਵਨ ਵਿਚ ਸੁਮਨ ਲਤਾ ਜਿਨ੍ਹਾਂ ਸਰੋਕਾਰਾ ਨਾਲ ਦੋ ਚਾਰ ਹੁੰਦੀ ਹੈ। ਜਿਹਨਾਂ ਵਸੰਗਤੀਆਂ ਅਤੇ ਵਿਰੋਧਤਾਈਆਂ ਦਾ ਸਾਹਮਣਾ ਕਰਦੀ ਹੈ। ਇਹ ਕਾਵਿ ਸੰਗ੍ਰਹਿ, ਉਸ ਨੂੰ ਸਭ ਹੀ ਭਾਵਨਾ ਤੇ ਸੰਵੇਦਨਾ ਦੀ ਪੱਧਰ ਉਤੇ ਨਿਪਟਣ ਦਾ ਉਪਰਾਲਾ ਹੈ। ਉਸ ਲਈ ਕਵਿਤਾ ਦਾ ਕਾਰਜ਼ ਸਵੈ ਦੀ ਸੰਤੁਸ਼ਟੀ ਤੱਕ ਮਹਿਦੂਦ  ਨਹੀਂ ਸਗੋਂ ਉਹ ਉਸ ਸੱਭਿਆਚਾਰਕ ਲਹਿਰ ਨਾਲ ਜੁੜ ਕੇ ਕੰਮ ਕਰ ਰਹੀ ਹੈ ਜੋ ਕਲਾ ਤੇ ਸਾਹਿਤ ਨੂੰ ਹਮੇਸ਼ਾ ਇਕ ਸਮਾਜਿਕ ਤੇ ਸਭਿਆਚਾਰਕ ਕਰਮ ਮੰਨਦੀ ਹੈ। ਇਸੇ ਲਈ ਉਸ ਦੀ ਹਰ ਰਚਨਾ ਤੱਤ ਪ੍ਰਧਾਨ ਹੈ। ਇਸੇ ਲਈ ਹੀ ਇਕ ਪੁਸਤਕ ਕਿਸੇ ਸਾਹਿਤ ਆਲੋਚਕ ਦੇ ਮੱਥੇ ਤੇ ਤਿਉੜੀ ਦਾ ਕਾਰਨ ਬਣ ਸਕਦੀ ਹੈ। ਪਰ ਸਮਾਜਿਕ ਇਤਿਹਾਸਕ ਵਿਕਾਸ ਵਿਚ ਵਿਸ਼ਵਾਸ ਰੱਖਣ ਵਾਲਾ ਮਾਨਵੀ ਕਦਰਾਂ ਕੀਮਤਾਂ ਦੇ ਦ੍ਰਿਸ਼ਟੀਕੋਣ ਦਾ ਧਾਰਨੀ ਹਰ ਸੰਵੇਦਨ ਸ਼ੀਲ ਪਾਠਕ ਇਸ ਨੂੰ ਜ਼ਰੂਰ ਜੀ ਆਇਆ ਆਖੇਗਾ।

ਸੁਮਨ ਲਤਾ ਨੇ ਆਰਥਿਕ ਵਰਗ ਵੰਡ ਬਾਰੇ ਤੇ ਨਾਰੀਵਾਦੀ ਕਵਿਤਾ ਵਿਚ, ਇਹਨਾਂ ਵਿਸ਼ਿਆਂ ਬਾਰੇ ਲਿਖੀ ਗਈ ਜਾਂ ਲਿਖੀ ਜਾ ਰਹੀ, ਪਰੰਪਰਕ ਪ੍ਰਗਤੀਵਾਦੀ ਕਵਿਤਾ ਦਾ ਸਮਰੂਪ ਮੁਹਾਵਰਾ ਹੀ ਸਿਰਜਿਆ ਹੈ। ਪਰ ਉਸ ਦੀ ਪੰਜਾਬ ਸੰਕਟ ਬਾਰੇ ਕਵਿਤਾ ਇੱਕ ਵਿਸ਼ੇਸ਼ ਪੱਖ ਤੋਂ ਧਿਆਨ ਮੰਗਦੀ  ਹੈ। ਇਹ ਕਵਿਤਾ ਸੰਕਟ ਲਈ ਜ਼ਿੰਮੇਵਾਰ ਸ਼ਕਤੀਆਂ ਦੇ ਮੂੰਹ ਤੋਂ ਨਕਾਬ ਵੀ ਹਟਾਉਂਦੀ ਹੈ। ਇਹ ਕਵਿਤਾ ਸੇਵੇਵਾਲ ਦੇ ਹਨੇਰੇ ਦਿਨਾਂ ਵਿਚ ਜੁਰਅਤ ਦੀ ਕਵਿਤਾ ਹੈ। ਦਰਅਸਲ ਇਹ ਕਵਿਤਾ ਪੰਜਾਬ ਸੰਕਟ ਪ੍ਰਤੀ ਨਕਸਲਬਾੜੀ ਪਹੁੰਚ ਦਾ ਦਸਤਾਵੇਜ਼ ਹੈ। ਇਸੇ ਕਾਰਨ ਹੀ ਇਸ ਦੀ ਸੁਰ ਵੀ ਤਿੱਖੀ ਹੈ-ਅਤੇ ਇਹ ਨਾਅਰਾ ਸਿਰਜਣ ਵੱਲ ਵੀ ਰੁਚਿਤ ਹੈ। ਤੇ ਅੱਜ ਜਦੋਂ ਸਮੇਂ ਦਾ ਰਥ ਅਗਾਂਹ ਨਿਕਲ ਆਇਆ ਹੈ, ਕੋਈ ਵੀ  ਸੁਮਨ ਲਤਾ ਦੇ ਪ੍ਰਗਤੀਸ਼ੀਲ ਸ਼ਕਤੀਆਂ ਬਾਰੇ ਲਿਖੇ ਹਰਫ਼ਾਂ ਦੀ ਸਚਾਈ ਤੋਂ ਮੁਨਕਰ ਨਹੀਂ ਹੋ ਸਕਦਾ ਤੇ ਨਾ ਹੀ ਉਸ ਆਸ਼ਾਵਾਦ ਤੋਂ ਜੋ ਹਰ ਕ੍ਰਾਂਤੀ ਦੀ ਮਾਂ ਹੁੰਦਾ ਹੈ।

ਅਸੀਂ
ਬਰਫ਼ ਦੇ ਟੁੱਕੜੇ ਨਹੀਂ
ਜੋ ਖੁਰ ਜਾਵਾਂਗੇ ਥੋੜੀ ਜਿਹੀ ਧੁੱਪ ਲੱਗਣ ਨਾਲ
ਵਹਿ ਜਾਵਾਂਗੇ ਪਲਾਂ 'ਚ ਹੀ ਹਵਾ ਵਗਣ ਨਾਲ

ਅਕਤੂਬਰ 26, 1996

ਹਰਵਿੰਦਰ ਭੰਡਾਲ
116, ਮਾਡਲ ਟਾਊਨ
ਕਪੂਰਥਲਾ

## ਉੱਭਰ ਰਹੀ ਪ੍ਰਤੀਬੱਧ ਕਵਿਤਰੀ-ਸੁਮਨ ਲਤਾ

ਸੁਮਨ ਲਤਾ ਕਿਸੇ ਜਾਣ ਪਛਾਣ ਦੀ ਮੁਥਾਜ ਨਹੀਂ। ਉਹ ਪੰਜਾਬ ਲੋਕ ਸਭਾ ਸਭਿਆਚਾਰਕ ਮੰਚ ਵਿਚ ਉਦੋਂ ਦੀ ਕਰਮਸ਼ੀਲ ਹੈ ਜਦੋਂ ਦੀ ਨਸਰਾਲੀ ਵਿਖੇ 14 ਮਾਰਚ 1982 ਨੂੰ ਪੁਲਸ ਮੰਚ ਦੀ ਸਥਾਪਨਾ ਕੀਤੀ ਗਈ। ਉਹ ਅਣਥਕ ਵਰਕਰ ਹੀ ਨਹੀਂ ਸਗੋਂ ਉਸ ਵਿਚ ਲੋਕ ਪੱਖੀ ਸਭਿਆਚਾਰਕ ਲਹਿਰ ਨੂੰ ਅਗਵਾਈ ਦੇਣ ਦੀ ਸਮਰੱਥਾ ਵੀ ਹੈ। ਉਹ ਵਿਸ਼ੇਸ਼ ਕਰਕੇ ਔਰਤ ਵਰਗ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਚੇਤਨ ਕਰਨ ਲਈ ਵੀ ਯਤਨਸ਼ੀਲ ਹੈ। ਰੰਗ ਮੰਚ ਦੀ ਸਹਿਰਦ ਕਲਾਕਾਰ ਹੈ। ਉਸਨੇ ਬਹੁਤ ਸਾਰੇ ਨਾਟਕਾਂ ਦੀ ਨਿਰਦੇਸ਼ਨਾ ਤੋਂ ਇਲਾਵਾ ਅਹਿਮ ਚਰਿੱਤਰ ਵੀ ਬਾਖੂਬੀ ਨਿਭਾਏ ਹਨ। ਉਹ ਪਲਸ ਮੰਚ ਦੀ, ਸਰਦਲ ਦੀ ਸੰਪਾਦਨਾ ਵੀ ਕਰਦੀ ਆ ਰਹੀ ਹੈ। ਲੰਮੇ ਅਰਸੇ ਤੋਂ ਵਾਪਰਦੇ ਆ ਰਹੇ ਅਨੇਕਾਂ ਝੱਖੜ ਝੋਲਿਆਂ ਵਿਚ ਉਹ ਲੋਕਾਂ ਦੇ ਪੱਖ 'ਚ ਸਿਦਕ ਦਿਲੀ ਨਾਲ ਖੜ੍ਹਦੀ ਆ ਰਹੀ ਹੈ। ਇਹ ਕਹਿਣਾ ਵੀ ਅਤਿਕਥਨੀ ਨਹੀਂ ਕਿ ਉਹ ਪਲਸ ਮੰਚ ਅਤੇ ਪੰਜਾਬੀ ਰੰਗਮੰਚ ਦੀ ਜਿੰਦ ਜਾਨ ਹੈ। ਉਹ ਦੱਬੇ ਕੁਚਲੇ ਲੋਕਾਂ ਦੀ ਉਦਾਸ ਅਤੇ ਬੀਆਬਾਨ ਬਣੀ ਜ਼ਿੰਦਗੀ 'ਚ ਖੂਬਸੂਰਤ ਰੰਗ ਭਰਨ ਲਈ ਬਹੁ ਖੇਤਰਾਂ 'ਚ ਸਰਗਰਮ ਹੈ।

ਲੋਕਾਂ ਦੀ ਜਿੰਦਗੀ ਦੀ ਧੜਕਣ ਦੇ ਨਾਲ ਨਾਲ ਜੀਣ ਦੀ ਜਾਮਨੀ ਭਰਦੀ ਹੈ ਉਨ੍ਹਾਂ ਦੀ ਕਵਿਤਾ। ਸੁਮਨ ਲਤਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਸਮਾਜਿਕ ਕੋਹਜਾਂ, ਸਮਾਜਿਕ ਕੁਰੀਤੀਆਂ, ਲੁੱਟ ਖਸੁੱਟ, ਜਬਰ ਜੁਲਮ, ਅਖੌਤੀ ਆਜ਼ਾਦੀ, ਧਾਰਮਿਕ ਜਨੂੰਨ ਅਤੇ ਔਰਤ ਉਪਰ ਵਾਪਰਦੇ ਚੁਤਰਫੇ ਕਹਿਰ ਦੀ ਵੇਦਨਾ ਨੂੰ ਕਲਮਬੰਧ ਕੀਤਾ ਹੈ। ਉਸ ਦੀ ਆਪਣੀ ਵਿਚਾਰਧਾਰਾ ਪਦਾਰਥਵਾਦੀ ਹੈ ਜੋ ਕਿ ਉਸਦੇ ਕਦ ਨੂੰ ਘਟਾਉਂਦੀ ਨਹੀਂ ਸਗੋਂ ਮਾਣ ਮਤੇ ਢੰਗ ਨਾਲ ਸ਼ਬਦਾਂ 'ਚੋਂ ਝਲਕਦੀ ਹੈ।

ਸਮਾਜ ਅੰਦਰ ਵਾਪਰਦੇ ਵਰਤਾਰਿਆਂ ਨੂੰ ਅਤੇ ਖਾਸ ਕਰਕੇ ਔਰਤ ਜਾਤੀ ਨੂੰ ਕਦਮ ਕਦਮ ਤੇ ਜ਼ਿਬਾ ਕਰਨ ਲਈ ਬੋਲੇ ਜਾ ਰਹੇ ਅੱਤ ਘ੍ਰਿਣਤ ਹੱਲਿਆਂ ਨੂੰ ਉਸਨੇ ਬੇਹੱਦ ਸੰਵੇਦਨਸ਼ੀਲਤਾ ਨਾਲ ਅਤੇ ਵਿਦਰੋਹੀ ਸੁਰ 'ਚ ਕਾਵਿ ਰੰਗ ਦੇਣ ਦਾ ਯਤਨ ਕੀਤਾ ਹੈ। ਕਵਿਤਾ ਦੇ ਕਈ ਪੱਖਾਂ ਤੋਂ ਭਾਵੇਂ ਤਰੁਟੀਆਂ ਨੂੰ ਵੀ ਨਾਪਿਆ ਜਾ ਸਕਦਾ ਹੈ ਪਰ ਮੇਰੀ ਜਾਚੇ ਜਿਸ ਬੇਬਾਕ ਤਰੀਕੇ ਨਾਲ ਸੁਮਨ ਲਤਾ ਨੇ ਆਪਣੀ ਗੱਲ ਹਵਾ ਵਿਚ ਲਿਖਣ ਦਾ ਯਤਨ ਕੀਤਾ ਹੈ। ਉਹ ਸੱਚਮੁੱਚ ਹੀ ਮੁਬਾਰਕ ਬਾਦ ਦੀ ਹੱਕਦਾਰ ਹੈ।

-ਸੁਰਜੀਤ ਬਰਾੜ (ਡਾ.)

# ਦੋ ਹਰਫ਼

ਮੈਂ ਆਪਣੀ ਕਲਮੀਂ ਹਮਸਫ਼ਰਾਂ ਅਤੇ ਉਨ੍ਹਾਂ ਸਭਨਾਂ ਸਾਥੀਆਂ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਪਲੇਠਾ ਕਾਵਿ ਸੰਗ੍ਰਿਹ ਤੁਹਾਡੇ ਹੱਥਾਂ ਤੱਕ ਪਹੁੰਚਾਉਣ ਲਈ ਮੇਰਾ ਸਾਥ ਦਿੱਤਾ। ਇਹ ਲੜੀ ਲੰਮੇਰੀ ਹੈ ਜਿਸ ਵਿਚ ਗੁਰਸ਼ਰਨ ਭਾਅ ਜੀ, ਹਰਵਿੰਦਰ ਭੰਡਾਲ, ਸੁਰਜੀਤ ਬਰਾੜ, ਤਰਸੇਮ ਲੋਹੀਆਂ, ਕਾਮਰੇਡ ਕਰਮ ਸਿੰਘ ਕਿਰਤੀ, ਕੇਸਰ ਸਿੰਘ ਅਤੇ ਅਮੋਲਕ ਸਿੰਘ ਆਦਿ ਦੇ ਨਾਂ ਵਰਨਣਯੋਗ ਹਨ। ਮੈਂ ਆਪਣੇ ਦਿਲ ਦੇ ਵਲਵਲੇ ਕਲਮ ਸੰਗ ਉਲੀਕ ਕੇ ਇਹ ਤਿਲ ਫੁਲ ਤੁਹਾਡੇ ਰੂ ਬ ਰੂ ਕਰਨ ਦਾ ਯਤਨ ਕੀਤਾ ਹੈ। ਤੁਹਾਡੇ ਸੁਝਾਵਾਂ ਲਈ ਸਦਾ ਰਿਣੀ ਰਹਾਂਗੀ।

–ਸੁਮਨ ਲਤਾ

**ਪਤਾ:**

**ਸੁਮਨ ਲਤਾ**

**ਸੁਖਚੈਨ ਸਾਹਿਬ ਰੋਡ,**

**ਫਗਵਾੜਾ–144401**

## ਔਰਤ ਦੀ ਵੇਦਨਾ

ਔਰਤ, ਚਿੜੀਆਂ, ਘੁੱਗੀਆਂ, ਗਟਾਰਾਂ ਨੂੰ
ਕਦੇ ਮੌਕਾ ਲੱਗੇ ਬੜੇ ਮੋਹ ਨਾਲ ਤੱਕਦੀ
ਆਟੇ ਦੀਆਂ ਗੋਲੀਆਂ ਬਣਾ ਪਾਉਂਦੀ
ਗੰਭੀਰ ਚਿੰਤਿਤ ਵੀ ਹੁੰਦੀ ਕਿ.....
ਕਾਂ, ਕਬੂਤਰ, ਕਠਫੋੜੇ ਰੋਬ ਨਾਲ ਆ
ਇਨ੍ਹਾਂ ਦਾ ਹਿੱਸਾ ਖਾ ਜਾਣਗੇ
ਇਹ ਬੇਚਾਰੀਆਂ ਭੁਖੀਆਂ ਪਤਾ ਨਹੀਂ
ਕਿੰਨ੍ਹਾਂ ਕੁ ਚਿਰ ਆਪਣੇ ਕਮਜ਼ੋਰ ਹੋਣ ਦਾ
ਅਹਿਸਾਸ ਕਰਦੀਆਂ ਰਹਿਣਗੀਆਂ।

ਅੱਜ ਆਖਰੀ ਚਿਤਾਵਨੀ ਐ
ਚੰਗੀ ਤਰ੍ਹਾਂ ਕੰਨ ਖੋਲ ਕੇ ਸੁਣ ਲੈ
ਜੇ ਕੁੜੀ ਹੋਈ ਤਾਂ ਮੇਰੇ ਘਰ ਨਾ ਵੜੀ
ਸਦਾ ਲਈ ਬੂਹੇ ਬੰਦ ਐ ਤੇਰੇ ਲਈ
ਸਾਇੰਸ ਅਧਿਆਪਿਕ ਆਪਣੀ ਘਰਵਾਲੀ
'ਚਰਨ ਜੀਤ' ਨੂੰ ਹਦਾਇਤ ਕਰਕੇ
ਦਰਵਾਜਿਓਂ ਬਾਹਰ ਹੋ ਗਿਆ।
ਚਰਨਜੀਤ ਹੁਣ ਫਿਰ....
ਉਸੇ ਭਾਣੇ ਦਾ ਸ਼ਿਕਾਰ ਹੋ ਗਈ
ਜਿਸ ਦਾ ਉਸ ਨੂੰ ਡਰ ਸੀ
ਹੁਣ ਉਹ ਕਿਥੇ ਜਾਵੇ ਨਾ ਜਾਵੇ
ਆਪਣੀ ਅਧੋਰਾਣੀ ਜ਼ਿੰਦਗੀ ਦੀਆਂ
ਅਧੋਰਾਣੀਆਂ ਰੀਝਾਂ ਲੈ ਕੇ।

ਉਹ ਝੁਲਸ ਗਈ ਜਾਂ ਝੁਲਸਾ ਦਿੱਤੀ ਗਈ
ਇਸ ਲਈ ਕਿ ਉਹ ਪਰਾਈ ਧੀ ਸੀ
ਜੇ ਪਤੀ ਦੇ ਹੁਣ ਤੱਕ ਦੀ ਉਮਰ ਤੇ
ਖਰਚੇ ਗਏ ਪੈਸੇ ਨਾਲੋਂ ਦੁੱਗਣਾ ਆਪਣੇ ਸਿਰ ਪਿਆ
ਦਾਜ ਦੇ ਰੂਪ 'ਚ ਕਰਜ਼ਾ ਮਾਪਿਆਂ ਤੋਂ ਲਿਆ
ਆਪਣੇ ਸਿਰੋਂ ਲਾਹ ਦਿੰਦੀ ਤਾਂ ਸ਼ਾਇਦ
ਉਹਦੀ ਅਧੋਰਾਣੀ ਜ਼ਿੰਦਗੀ ਦੀਆਂ
ਅਧੋਰਾਣੀਆਂ ਰੀਝਾਂ ਨਾ ਸੜਦੀਆਂ

ਸ਼ਰਾਬੀ ਪਤੀ ਦੀ ਆਵਾਜ਼ ਕੰਨੀ ਪੈਂਦਿਆਂ ਹੀ
ਪਤਨੀ ਦੇ ਹੋਸ਼ ਹਵਾਸ਼ ਉਡ ਗਏ
ਸੁਣਿਆ ਅੱਜ ਤੂੰ ਆਟਾ ਕਿਥੋਂ ਲਿਆ ਕੇ ਪਕਾਉਣਾ ਏਂ
ਇਹਦਾ ਮੈਨੂੰ ਕੋਈ ਪਤਾ ਨਹੀਂ ਪਰ ਮੈਂ....
ਆਪਣੇ ਲਈ ਅਤੇ ਆਪਣੇ ਨਿੱਕੇ ਨਿੱਥੇ ਬੱਚਿਆਂ ਲਈ
ਰੋਟੀ ਤੇਰੇ ਹੱਡਾਂ 'ਚੋਂ ਜ਼ਰੂਰ ਕੱਢਣੀ ਏਂ
ਜਿਥੋ ਮਰਜ਼ੀ ਤੂੰ ਲਿਆ ਕੇ ਦੇਹ
ਚਾਹੇ ਜ਼ਿਮੀਦਾਰ ਦੇ ਖੇਤਾਂ 'ਚ ਦਿਹਾੜੀ ਕਰ ਕੇ
ਚਾਹੇ ਆਪਣੇ ਭੁੱਖੇ ਮਰਦੇ ਮਾਪਿਆਂ ਤੋਂ

ਔਰਤ ਸਦੀਆਂ ਤੋਂ ਹੀ
ਘਰ ਦੀ ਤੰਗ ਵਲਗਣ 'ਚ ਕੈਦਣ ਬਣੀ
ਕੜੀਆਂ ਬੇੜੀਆਂ ਨਾਲ ਬੱਝੀ
ਘਰੇਲੂ ਜੁਮੇਵਾਰੀਆਂ ਨਿਭਾਉਂਦੀ
ਖੁਸ਼ੀ ਦੀ ਕਿਰਨ ਨੂੰ ਤਰਸਦੀ
ਹੌਕੇ, ਹਾਵੇ, ਆਹਾਂ ਭਰਦੀ
ਰਿਸਦੇ ਜ਼ਖ਼ਮਾਂ ਦੀ ਚੀਸ ਸਹਾਰਦੀ
ਪਹੁੰਚ ਜਾਂਦੀ ਹੈ ਜਨਮ ਸਥਾਨ ਤੋਂ ਲੇ ਕੇ
ਸ਼ਮਸ਼ਾਨ ਘਾਟ ਦੀਆਂ ਦਹਿਲੀਜਾਂ ਤੱਕ।

ooo

## ਜ਼ਮੀਰ

ਕਾਰ 'ਚ ਬੈਠੀ ਧਨਾਢ ਔਰਤ ਨੇ
ਆਪਣੇ ਮੂੰਹ 'ਤੇ ਰੁਮਾਲ ਰੱਖਦਿਆਂ
ਸਿਰ ਤੇ ਗੰਧ ਦੀ ਟੋਕਰੀ ਚੁੱਕੀ ਆਉਂਦੀ
ਮਜ਼ਦੂਰ ਕੁੜੀ ਨੂੰ ਦੂਜੇ ਪਾਸੇ ਵੱਲ ਦੀ
ਹੋ ਕੇ ਲੰਘਣ ਦਾ ਇਸ਼ਾਰਾ ਕੀਤਾ
ਤਾਂ ਮਜ਼ਦੂਰ ਕੁੜੀ ਬੋਲੀ...
ਬੀਬੀ ਜੀ ਇਹ ਟੋਕਰੀ ਤੁਸੀਂ
ਆਪਣੀ ਕਾਰ 'ਚ ਰੱਖ ਲਓ
ਮੈਂ ਦੂਜੇ ਪਾਸਿਓ ਦੀ ਹੋ ਕੇ
ਲੰਘ ਜਾਂਦੀ ਹਾਂ

ਇੰਟਰਵਿਊ ਅਧਿਕਾਰੀਆਂ ਵਲੋਂ
ਇੰਟਰਵਿਊ ਦੇਣ ਆਈ ਕੁੜੀ ਦੇ
ਸਰਟੀਫਿਕੇਟਾਂ ਨੂੰ ਦੇਖਣ ਪਰਖਣ ਤੋਂ ਬਿਨਾਂ ਹੀ
ਕੰਮ ਚਲਾਉਣ ਸੰਬੰਧੀ ਸਵਾਲਾਂ ਨੂੰ ਛੱਡ
ਉਹਦੀ ਖ਼ੂਬਸੂਰਤੀ ਦੇ ਕਾਰਨ ਪੁੱਛੇ,
ਤਾਂ ਉਹ ਸਹਿਜ ਹੀ ਬੋਲ ਉਠੀ....
ਕਿ ਇਹ ਕਾਰਣ ਤੁਸੀਂ ਆਪਣੀ
ਕੁੜੀ ਤੋਂ ਪੁੱਛ ਲਓ।

ਅਧੋਰਾਣੀਆਂ ਸਿਉਂਕ ਖਾਧੀਆਂ
ਪਾਈਆਂ ਝੀਟੀਆਂ ਲੀਰਾਂ ਲਮਕਾਈ
ਆਪਣੀ ਛਾਨਣੀ ਛਾਨਣੀ ਹੋਈ ਚੁਨੀ ਨਾਲ
ਅਧ ਨੰਗਾ ਹੋਇਆ ਪਿੰਡਾ ਮੁੜ ਮੁੜ ਕਜਦੀ
ਪਥੀਕਣ 'ਚ ਬੈਠੀ ਗੋਹੇ ਦੀਆਂ ਪਾਥੀਆਂ ਪੱਥਦੀ
ਆਪਣੀ ਲੋਰ 'ਚ ਗੀਤ ਗਾਉਂਦੀ ਭੁੱਲ ਜਾਂਦੀ ਹੈ
ਕਿ ਮੈਂ ਮਾੜੂ ਮਜ਼ਬੀ ਦੀ ਧੀ ਹਾਂ
ਉਹਦੀ ਮਜਬੂਰੀ ਕਾਰਣ ਸਾਰਾ ਦਿਨ
ਗੋਹੇ 'ਚ ਨਿੱਕੇ ਨਿੱਕੇ ਹੱਥ ਲਵੇੜੀ ਰਖਦੀ ਹਾਂ
ਪਾਥੀਆਂ ਪੱਥਦੀ ਸਾਹਮਣੇ ਖੜ ਕੇ ਟਾਂਚਾ ਕਰਦੇ
ਚੌਧਰੀ ਦੇ ਛੋਕਰੇ ਦੇ ਮੂੰਹ ਉੱਤੇ
ਗਿੱਲੀ ਪਾਥੀ ਚੁੱਕ ਜੜ ਦਿੰਦੀ ਹਾਂ।

ooo

## ਸੁਆਲ

ਮਰਦ ਤੁਰਦਾ ਹੈ
ਔਰਤ ਰੁੜਦੀ ਹੈ
ਮਰਦ ਹੱਸਦਾ ਹੈ
ਔਰਤ ਹਾਸੇ ਨੂੰ ਤਰਸਦੀ ਹੈ
ਮਰਦ ਉੱਚੀ ਬੋਲਦਾ ਹੈ
ਔਰਤ ਦੀ ਜ਼ੁਬਾਨ ਖਿੱਚੀ ਜਾਂਦੀ ਹੈ
ਮਰਦ ਸ਼ਰਾਬ ਪੀਂਦਾ ਹੈ
ਔਰਤ ਹੰਝੂ ਪੀਂਦੀ ਹੈ
ਮਰਦ ਮੁਰਗੇ ਦਾ ਮੀਟ ਖਾਂਦਾ ਹੈ
ਔਰਤ ਜੁੱਤੀਆਂ ਦੀ ਮਾਰ ਖਾਂਦੀ ਹੈ
ਮਰਦ ਵਿਸਤਰੇ ਤੇ ਸੌਂਦਾ ਹੈ
ਔਰਤ ਕੰਢਿਆਂ ਤੇ ਸੌਂਦੀ ਹੈ

ਮਰਦ ਆਪਣੇ ਆਪ ਨੂੰ ਪੂਰਨ
ਦਿਲ ਦਿਮਾਗ ਰੱਖਣ ਵਾਲਾ ਸਮਝਦਾ ਹੈ
-ਔਰਤ ਨੂੰ ਘਟੀਆ ਦਿਲ ਦਿਮਾਗ ਤੋਂ ਵੀ ਰਹਿਤ
ਮਰਦ ਆਪਣੇ ਆਪ ਨੂੰ ਘਰ ਬਾਰ
ਪੈਸੇ ਦਾ ਮਾਲਕ ਸਮਝਦਾ ਹੈ
-ਔਰਤ ਨੂੰ ਪੈਸਾ ਪੈਸਾ ਮੰਗਣ ਵਾਲੀ ਬੇਬਸ ਅਤੇ ਮੰਗਤੀ।
ਮਰਦ ਆਪਣੇ ਆਪ ਨੂੰ ਪਤੀ ਨਹੀਂ
ਪੂਰਾ ਮਾਲਕ ਸਮਝਦਾ ਹੈ
-ਔਰਤ ਨੂੰ ਸਿਰਫ਼ ਆਪਣੀ ਜਾਇਦਾਦ।
ਮਰਦ ਆਪਣੀ ਹਉਮੇ 'ਚ ਡੁੱਬਿਆ
ਮਰਦ ਪ੍ਰਧਾਨ ਹੋਣ ਦਾ ਦਾਅਵਾ ਜਤਾਉਂਦਾ ਹੈ
-ਔਰਤ ਨੂੰ ਮਰਦ ਗੁਲਾਮ ਰਹਿਣ ਦੀ ਭਾਸ਼ਾ ਸਮਝਾਉਂਦਾ ਹੈ।

ਕੀ ਔਰਤ ਦਾ ਦਿਲ ਨਹੀਂ
ਆਪਣੀ ਇੱਛਾ ਪ੍ਰਗਟ ਕਰ ਸਕੇ?
ਕੀ ਔਰਤ ਦਾ ਦਿਮਾਗ਼ ਨਹੀਂ
ਆਪਣੇ ਲਈ ਚੰਗਾ ਸੋਚ ਸਕੇ?
ਕੀ ਔਰਤ ਕੋਲ ਹੱਥ ਨਹੀਂ
ਇੱਛਾ ਮੁਤਾਬਕ ਕੰਮ ਕਰ ਸਕੇ?
ਕੀ ਔਰਤ ਕੋਲ ਅੱਖਾਂ ਨਹੀਂ
ਚੰਗਾ ਹੋ ਰਿਹੈ ਦੇਖ ਸਕੇ?
ਕੀ ਔਰਤ ਕੋਲ ਬੋਲ ਨਹੀਂ
ਬੇਇਨਸਾਫੀ ਵਿਰੁੱਧ ਬੋਲ ਸਕੇ?

ਕੀ ਔਰਤ ਕੋਲ ਪੈਰ ਨਹੀਂ
ਉਹ ਉਸਾਰੂ ਪੁਲਾਘਾਂ ਪੁੱਟ ਸਕੇ ?
ਕੀ ਔਰਤ ਕੋਲ ਸੋਚ ਨਹੀਂ
ਉਸਾਰੂ ਸੋਚ ਦੀ ਧਾਰਨੀ ਬਣ ਸਕੇ ?

ਔਰਤ ਦਾ ਆਪਣਾ ਕੋਈ ਦਿਲ ਐ
ਕੋਈ ਦਿਮਾਗ ਐ ਕੋਈ ਸੋਚ ਐ
ਉਹਦੀ ਆਪਣੀ ਕੋਈ ਹੋਂਦ ਐ
ਆਪਣਾ ਚੰਗਾ ਮਾੜਾ ਸੋਚ ਸਕਦੀ ਹੈ
ਆਪਣੇ ਪੈਰਾਂ ਤੇ ਆਪ ਖੜ ਸਕਦੀ ਹੈ

ਪਰ ਔਰਤ ਅੰਦਰ
ਔਰਤ ਹੋਣ ਦੀਆਂ ਜੰਜੀਰਾਂ ਕਿਵੇਂ ਟੁੱਟਣ
ਆਪਣੇ ਆਪ ਨੂੰ ਨਿਮਾਣੀ ਨਿਤਾਣੀਂ
ਕਮਜੋਰ, ਅਬਲਾ, ਬੇਸਹਾਰਾ
ਸਮਝਣ ਦੀ ਤੰਦਾ ਕਿਵੇਂ ਟੁੱਟਣ ?

ਔਰਤ ਆਪਣਾ ਜੇਰਾ ਤਕੜਾ ਕਰੇ
ਆਪਣੀ ਪਿਛਾਖੜੀ ਸੋਚ ਤੋਂ ਪਿਛਾ ਛੁਡਾਵੇ
ਆਪਣੇ ਅੰਦਰ ਨਵੀਂ ਨਵੇਲੀ ਰੂਹ ਭਰੇ
ਕਿਸੇ ਨਾਲ ਕੋਈ ਵਿਤਕਰਾ ਨਾ ਕਰੇ
ਕਿਸੇ ਨਾਲ ਹੁੰਦਾ ਵਿਤਕਰਾ ਨਾ ਜਰੇ
ਔਰਤ ਦੀ ਹੀ ਆਪ ਬੈਰੀ ਨਾ ਬਣੇ

ਮਰਦੀ ਦੀ ਮਜ਼ਬੂਰੀ ਸਮਝੇ
ਮਰਦ ਦੇ ਮੋਢੇ ਨਾਲ ਮੋਢਾ ਜੋੜੇ
ਮਰਦ ਨਾਲ ਹਰ ਖੇਤਰ 'ਚ ਕੰਮ ਕਰੇ
ਘਰੇਲੂ ਬੰਦਨਾ ਤੋਂ ਉਪਰ ਉਠੇ
ਆਪਣਾ ਆਪਾ ਆਪ ਪਛਾਣੇ
ਅਸਲੀ ਦੁਸ਼ਮਣ ਦੀ ਪਛਾਣ ਕਰੇ

ਆਪਣੀ ਸਮੱਸਿਆਵਾਂ ਆਪ ਹੱਲ ਕਰੇ
ਕਮਜ਼ੋਰ ਅਬਲਾ ਬੇਸਹਾਰਾ ਨਾ ਬਣੇ
ਆਪਣੀ ਹੋਂਦ ਦੀ ਉਸਾਰੂ ਤਾਕਤ ਬਣੇ
ਆਪਣੇ ਵਿਰਸੇ ਦੀ ਸੰਭਾਲ ਕਰੇ
ਆਪਣੇ ਅੰਦਰ ਜੂਝ ਮਰਨ ਦੀ ਤਾਂਘ ਭਰੇ
ਆਪਣੇ ਅੰਦਰ ਜਾਗ੍ਰਤੀ ਦੀ ਲੋ ਭਰੇ
ਆਪਣੇ ਹੱਕਾਂ ਲਈ ਅੱਗੇ ਹੋ ਕੇ ਤੁਰੇ
ਆਪਣੇ ਹੱਥ ਨਿਆਂ ਦੀ ਤਲਵਾਰ ਫੜੇ

੦੦੦

## ਉਹ ਕੀ ਜਾਣੇ

ਹਰ ਤਰ੍ਹਾਂ ਦੀਆਂ ਖੁਸ਼ੀਆਂ ਮਾਣਦੀ
ਨੋਟਾਂ ਦੀ ਪੀਂਘ ਤੇ ਹੁਲਾਰੇ ਖਾਂਦੀ
ਦੌਲਤ ਸ਼ਾਹ ਦੀ ਲਾਡਲੀ
ਮੀਤੋ ਕੀ ਜਾਣੇ.....
ਬਸਤੀ 'ਚ ਰਹਿੰਦੇ
ਗਰੀਬੂ ਮਜ਼ਬੀ ਦੀ ਧੀ
ਜੀਤੋ ਦੇ ਹੱਥ ਦਾਤੀਆਂ ਰੰਬਿਆ
ਨਾਲ ਖੇਡਦਿਆਂ ਲੋਹਾ ਕਿਵੇਂ ਬਣ ਗਏ ?

ਗਹਿਣਿਆਂ ਕੱਪੜਿਆਂ ਸੰਗ ਲੱਦੀ
ਵੰਨ ਸੁਵੰਨੇ ਖਾਣੇ ਖਾਂਦੀ ਹੁਕਮ ਚਲਾਉਂਦੀ
ਨੌਕਰਾਂ ਚਾਕਰਾਂ, ਕਾਰਾਂ ਕੋਠੀਆਂ ਦੀ
ਮਾਲਕਣ ਕੀ ਜਾਣੇ-
ਅੱਧ ਨੰਗੇ ਜਿਸਮ ਨੂੰ ਕਜਦੀ
ਭੁਖੇ ਪੇਟ ਦਰ ਦਰ ਦੀਆਂ ਠੋਕਰਾਂ ਖਾਂਦੀ
ਭਿਖ਼ਾਰਨ ਦੇ ਮਨ ਤੇ ਕੀ ਗੁਜ਼ਰਦੀ ਹੈ ?

ਅੱਜ ਲਾਲ ਸੁੱਭਰ 'ਚ ਲਪੇਟੀ
ਸਖੀਆਂ ਸੰਗ ਹਸਦੀ ਖੇਡਦੀ
ਸਜੀ ਸਵਾਰੀ ਅਤੇ ਹਾਰੀ ਸ਼ੰਗਾਰੀ
ਅਲੜ ਮੁਟਿਆਰ ਕੀ ਜਾਣੇ-
ਕਿ ਕਲ੍ਹ ਦਾਜ਼ ਦੇ ਵਿਓਪਾਰੀ
ਸਟੋਵ ਫਟਣ ਦਾ ਬਹਾਨਾ ਲਾ ਕੇ
ਉਸ ਨੂੰ ਅਗਨ ਭੇਟ ਕਰ ਦੇਣਗੇ ?

ਚਿੜ੍ਹੀਆਂ ਵਾਂਗ ਚੀਂ ਚੀਂ ਕਰਦੀ
ਖਿੜ ਖਿੜ ਜਾਂਦੀ ਫੁੱਲ ਫੁੱਲ ਬਹਿੰਦੀ
ਖੰਭ ਖਿਲਾਰਦੀ ਉਡਦੀ ਜਾਂਦੀ
ਅਣਭੋਲ ਲਾਡੋ ਕੀ ਜਾਣੇ-
ਉਸ ਨੂੰ ਕੈਦ ਕਰਣ ਲਈ
ਵਿਛਾਏ ਗਏ ਜਾਲ ਦੀਆਂ
ਰੱਸੀਆਂ ਦਿਨੋ ਦਿਨ ਭੀੜੀਆਂ
ਕਿਉਂ ਹੁੰਦੀਆਂ ਜਾਂਦੀਆਂ ਹਨ ?

੦

## ਕੁੜੀਏ ਨੀ

ਕੁੜੀਏ ਨੀ ਜੋਬਨ ਧਰੇਂਦੀਏ
ਉਠ ਤੂੰ ਹੋ ਜਾ ਨੀ ਹੁਸ਼ਿਆਰ
ਨਹੀਂ ਤਾਂ ਤੈਨੂੰ ਖਾਵਣ ਲਈ
ਮੂੰਹ ਅੱਡੀ  ਖੜ੍ਹਾ ਇਹ ਸੰਸਾਰ।

੦੦੦

## ਕ੍ਰਿਸ਼ਮੇ

ਉਹਨੇ ਮਿਨਤਾਂ ਕੀਤੀਆਂ
ਤਰਲੇ ਕੱਢੇ
ਪੈਰੀਂ ਹੱਥ ਲਾਇਆ

_ਬਸ....
ਐਤਕੀਂ ਮੈਨੂੰ ਅਜਮਾ ਲਓ
ਫੇਰ ਤੁਹਾਨੂੰ......
ਕਿਸੇ ਪਾਸਿਓਂ ਊਣੇ ਨੀ ਰਹਿਣ ਦਿੰਦਾ
..ਤੇ ਸ਼ਾਇਦ ਉਹਨੂੰ ਫੇਰ
ਧਰਵਾਸ ਹੋ ਗਿਆ ਸੀ ਕਿ.......
ਅਸੀਂ ਉਹਦੀ ਗੱਲ ਮੰਨ ਗਏ ਆਂ।
ਉਹ ਫੇਰ ਮੁਸਕਰਾਉਂਦਾ ਹੋਇਆ ਬੋਲਿਆ,
ਮੈਨੂੰ ਇਕ ਵਾਰੀ ਉਪਰ ਜਾ ਲੈਣ ਦਿਓ
ਫੇਰ ਦੇਖਿਓ ਤੁਸੀਂ ਕ੍ਰਿਸ਼ਮੇ
ਚੰਦ ਕਿਥੇ ਚੜ੍ਹਦਾ ਹੈ?

ooo

## ਜੱਗ ਦੀ ਜਨਣੀ

ਪੱਥਰਾ!
ਪੀੜ੍ਹੀ ਛਡ ਦੇ-
ਗਜ਼ ਕੱਪੜਾ ਲੈ ਕੇ
ਮੂੰਹ ਢਕ ਲੈ ਆਪਣਾ
ਸਾਡਾ ਪਿੱਛਾ ਛੱਡ-
ਔਹ ਟੋਆ ਉਡੀਕਦਾ ਪਿਐ ਤੈਨੂੰ
ਸਾਨੂੰ ਤਾਂ ਸਰਵੰਸ਼ ਚਲਾਉਣ ਵਾਲਾ ਚਾਹੀਦਾ ਸੀ।

ਕੁੜੀਏ!
ਅੱਖਾਂ ਨੀਵੀਆਂ
ਘੱਟ ਖਾਣਾ, ਘੱਟ ਬੋਲਣਾ
ਸਿਰ ਢਕ ਕੇ ਰੱਖਣਾ
ਪਤ ਬਚਾ ਕੇ ਰੱਖਣਾ
ਉੱਚੀ ਸਾਹ ਨਾ ਕੱਢਣਾ
ਦਹਿਲੀਜ਼ੋਂ ਪੈਰ ਨਾ ਕੱਢਣਾ
ਕੰਮ ਵਿਚ ਰੁੱਝੇ ਰਹਿਣਾ
ਆਪਣੇ ਆਪ ਵਿਚ ਖੁੱਭੇ ਰਹਿਣਾ
ਚੰਗਾ ਸ਼ੋਭਦਾ ਹੁੰਦਾ
ਬੇਗ਼ਾਨੇ ਘਰ ਜਾਣੈ ਤੂੰ।

ਹਾਂ! ਬੱਚੇ ਜੰਮਣਾ ਠੁੱਡੇ ਖਾਣੇ
ਗਾਲ੍ਹਾਂ, ਤਾਹਨੇ, ਮਿਹਣੇ ਜ਼ਰਨੇ
ਭੁੱਖਾਂ, ਤੋਹਮਤਾਂ, ਤਸੀਹੇ ਜ਼ਰਨੇ
ਜ਼ਲੀਲ ਹੋਣਾ, ਪੀੜ ਹੰਢਾਉਣੀ
ਹੰਝੂ ਵਗਾਉਣੇ, ਰੋਜ਼ੀ ਕਮਾਉਣੀ
ਧੌਂਸ ਝੱਲਣੀ, ਚਾਕਰੀ ਕਰਨੀ
ਦਿਨ ਰਾਤ ਧੁੱਖਦੇ ਰਹਿਣਾ
ਹਰ ਪਲ ਸੁੱਕਦੇ ਰਹਿਣਾ
ਬਚਿਆ ਖੁਚਿਆ ਖਾਣਾ
ਸਦਾ ਨਿਵ ਕੇ ਰਹਿਣਾ
ਅਸਲੀ ਫਰਜ਼ ਹੁੰਦਾ ਏ
ਇੱਜ਼ਤ ਵਾਲੀ ਖ਼ਾਨਦਾਨੀ ਨਾਰੀ ਦਾ।

ਬੱਸ!
ਚੁੱਪ ਵੀ ਕਰ ਹੁਣ ਕਿੰਨੀ ਵਾਰ ਕਿਹਾ ਏ-
ਆਪਣੀ ਸਿਆਣਪ ਨੂੰ
ਆਪਣੇ ਬੋਝੇ 'ਚ ਰੱਖਿਆ ਕਰ
ਐਵੇਂ ਫਾਲਤੂ ਜਿਹੀਆਂ ਗੱਲਾਂ ਕਰ ਕੇ
ਸਾਡਾ ਸਿਰ ਨਾ ਖਾਇਆ ਕਰ
ਪਿਛਲੀਆਂ ਗੱਲਾਂ ਨਹੀਂ ਰਹੀਆਂ
ਹੁਣ ਸਮਾਂ ਬਦਲ ਗਿਆ ਏ।

ਹਾਂ!
ਸਮਾਂ ਤਾਂ ਜ਼ਰੂਰ ਬਦਲ ਗਿਆ ਏ
ਪਰ! ਤਕਦੀਰ ਨਹੀਂ ਬਦਲੀ
ਅੱਜ ਦੀ ਔਰਤ ਦੀ
ਜਿਸ ਆਪਣੀ ਭੁੱਖੋਂ
ਰਿਸ਼ੀ, ਮੁਨੀ, ਪੀਰ ਪੈਗੰਬਰ ਜਾਏ
ਸਿਰਲੱਥ ਯੋਧੇ ਤੇ ਬਲਵੀਰ ਬਣਾਏ
ਉਹ ਸੂਲਾਂ ਤੇ ਪੱਬ ਧਰ ਧਰ ਤੁਰਦੀ ਹੈ
ਔਕੜਾਂ ਅਣਹੋਂਦੀਆਂ ਮੁਸੀਬਤਾਂ ਝੱਲਦੀ ਹੈ
ਰਿੱਝ ਰਿੱਝ ਮਰਦੀ ਹੈ ਸਾਰੀ ਉਮਰ
ਫਿਰ ਵੀ ਜੱਗ ਦੀ ਜਨਣੀ ਅਖਵਾਉਂਦੀ ਹੈ।

ਜ਼ਰੂਰ!
ਇਕ ਦਿਨ ਜ਼ਰੂਰ ਲੜਨੀ ਪਵੇਗੀ
ਜੱਗ ਦੀ ਜਨਣੀ ਨੂੰ ਸੰਗਰਾਮੀ ਜੰਗ
ਲੱਭਣੇ, ਸਿੱਖਣੇ, ਅਪਨਾਉਣੇ ਪੈਣਗੇ ਅਵੱਸ਼
ਜ਼ਿੰਦਗੀ ਜਿਊਣ ਦੇ ਨਵੇਂ ਤੇ ਉਸਾਰੂ ਢੰਗ
ਫੇਰ ਫਿਟਕਾਰ ਦੀ ਨਹੀਂ
ਸਨਮਾਨ ਦੀ ਪਾਤਰ ਹੋਵੇਗੀ
ਸਮੁੱਚੇ ਜੱਗ ਦੀ ਜਨਣੀ
ਜ਼ਰੂਰ ਇਕ ਦਿਨ।

ooo

## ਕਲੀ

ਹਾਂ
ਬਹੁਤ ਖ਼ੂਬਸੂਰਤ ਲਗਦੀ ਹੈ ਉਹ 'ਕਲੀ'
ਬਹੁਤ ਹੀ ਖ਼ੂਬਸੂਰਤ
ਜਦੋਂ ਖਿੜਦੀ ਹੈ-
ਮਹਿਕ ਖਿਲਾਰਦੀ ਹੈ-
ਸਿਰਫ ਦੂਜਿਆਂ ਲਈ ਹੀ
ਆਪਣੇ ਲਈ ਤਾਂ-
ਅਣਗਿਣਤ ਕੰਡਿਆਂ ਦੀ
ਪੀੜ ਸੀਨੇ ਜ਼ਰਦੀ ਹੈ
ਤਿੱਪ ਤਿੱਪ ਹੋ ਕੇ ਮਰਦੀ ਹੈ

ooo

## ਇੱਕ ਔਰਤ

ਤਿੱਖੀਆਂ
ਸੂਲਾਂ ਵਾਂਗਰਾਂ
ਚੁੱਭਵੀਆਂ ਗੱਲਾਂ
ਇਹ ਬਾਪ ਦਾ ਘਰ ਹੈ।

ਭੈੜੀਆਂ
ਤੱਤੇ ਲੋਹੇ ਵਾਂਗਰਾਂ
ਸੀਨਾ ਸਾੜਦੀਆਂ ਗਾਲ੍ਹਾਂ
ਇਹ ਪਤੀ ਦਾ ਘਰ ਹੈ।

ਅਸਹਿ
ਤੜਫੜਾਉਂਦੀਆਂ
ਅਣਡਿੱਠੀਆਂ ਗੁਝੀਆਂ ਮਾਰਾਂ
ਇਹ ਪੁੱਤ ਦਾ ਘਰ ਹੈ।

ਮੈਂ.........
ਜਿਸ ਦਾ ਕੋਈ ਘਰ ਨਹੀਂ
ਇਕ ਔਰਤ ਹਾਂ
ਸਿਰਫ਼ ਇਕ ਔਰਤ ਹਾਂ।

ooo

## ਧੀ ਦੇ ਨਾਂ

ਬੱਸ!
ਤੇਰੇ ਆਉਣ ਦੀ ਹੀ ਦੇਰ ਸੀ
ਮੇਰੀਏ ਧੀਏ–
ਘਰ ਵਿਚ ਮਾਤਮ ਛਾ ਗਿਆ
ਜਿਵੇਂ ਕੋਈ ਚੰਦਰੀ ਅਣਹੋਣੀ ਵਾਪਰ ਗਈ ਹੋਵੇ
ਬਰੂਹਾਂ 'ਤੇ ਆਕਾਸ਼ੀ ਬਿਜਲੀ ਡਿੱਗ ਗਈ ਹੋਵੇ।
ਸਾਰਿਆਂ ਦੇ ਬੁੱਲ ਸੀਤੇ ਗਏ
ਸਭ ਚਿਹਰੇ ਮੁਰਝਾ ਗਏ।
ਕੰਧਾਂ ਧਾਹਾਂ ਮਾਰਦੀਆਂ ਜਾਪਣ ਲੱਗੀਆਂ
ਕਿਸੇ ਨੇ ਵੀ ਵਧਾਈਆਂ ਨਾ ਦਿੱਤੀਆਂ।
ਕੋਈ ਵੀ ਖੁੱਲ ਕੇ ਨਾ ਬੋਲਿਆ
ਕੋਈ ਵੀ ਖੁਸ਼ੀ 'ਚ ਨਾ ਉਛਲਿਆ।

ਮੇਰੀਏ ਧੀਏ–
ਚੰਦਰੀਆਂ ਤੇ ਖਰਵੀਆਂ ਅਵਾਜ਼ਾਂ ਆਈਆਂ
ਨੀ! ਤੈਨੂੰ ਕੋਈ ਹੋਰ ਘਰ ਨਾ ਲੱਭਾ?
ਤੇਰੇ ਖੁਣੋਂ ਕੀ ਥੁੜਿਆ ਪਿਆ ਸੀ??
ਤੂੰ ਸਾਡੇ ਹੀ ਮੱਥੇ ਲੱਗਣਾ ਸੀ???
ਕਿਸੇ ਹੋਰ ਘਰੇ ਚਲੀ ਜਾਂਦੀ।
ਜੇ ਸਾਡੇ ਹੀ ਆਉਣਾ ਸੀ–
ਤੇ ਪੁੱਤ ਬਣ ਕੇ ਆ ਜਾਂਦੀ।
ਤੂੰ! ਸਾਡੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ
ਪੱਲਾ ਭਰਕੇ ਗਮਾਂ ਦਾ ਛੱਟਾ ਦੇ ਦਿਤਾ
ਸਾਡੇ ਚਾਅ ਧਰੇ ਧਰਾਏ ਰਹਿ ਗਏ
ਤਿੜ ਤਿੜ ਕਰਕੇ ਪਲਾਂ 'ਚ ਢਹਿ ਗਏ
ਇਨ੍ਹਾਂ ਬੋਲਾਂ ਨੇ ਮੇਰਾ ਕਲੇਜਾ ਛਲਣੀ ਕਰ ਦਿੱਤਾ।

ਮੇਰੀਏ ਧੀਏ–
ਤੈਨੂੰ ਕੀ ਦੱਸਾਂ–
ਤੂੰ ਅਜੇ ਬੱਚੀ ਏਂ

ਇਸ ਸਮਾਜ ਤੋਂ ਬਿਲਕੁਲ
ਬੇਖ਼ਬਰ, ਬੇਸੁੱਧ ਤੇ ਬੇ-ਸਮਝ
ਮੇਰੀ ਮਾਸੂਸ ਅਤੇ ਅਣਭੋਲ ਜਿਹੀ ਬੱਚੀ

ਪਰ!
ਤੂੰ ਕੋਈ ਫ਼ਿਕਰ ਨਾ ਕਰੀਂ
ਕੋਈ ਗ਼ਮ ਦਿਲ 'ਚ ਨਾ ਧਰੀਂ
ਚੰਦਰੇ ਬੋਲਾਂ ਤੋਂ ਨਾ ਡਰੀਂ
ਆਪਣਾ ਜੇਰਾ ਤਕੜਾ ਕਰੀਂ
ਮੈਂ ਤੈਨੂੰ ਦੱਸਾਂਗੀ-
ਤੇਰੇ ਆਉਣ 'ਤੇ ਗ਼ਮੀ ਕਿਉਂ?
ਤੇਰੇ ਨਾਲ ਨਫ਼ਰਤ ਕਿਉਂ??
ਤੇਰਾ ਐਨਾ ਨਿਰਾਦਰ ਕਿਉਂ???
ਤੇ ਮੈਂ ਇਹ ਵੀ ਦੱਸਾਂਗੀ-
'ਮਾਤਾ ਗੁਜਰੀ' ਜਿੱਡਾ ਜ਼ੇਰਾ ਕਿਵੇਂ ਕਰੀਦੈ?
'ਰਾਣੀ ਝਾਂਸੀ' ਵਾਂਗ ਕਿਵੇਂ ਲੜੀਦੈ??
'ਕਲਾਰਾ ਜੈਟਕਿਨ' ਵਾਂਗ ਕਿਵੇਂ ਬਣੀਦੈ???

ooo

## ਕਿਹੜਾ ਘਰ ਐ ਮੇਰਾ

ਅੰਮੀਏ!
ਤੇਰੇ ਕੋਲ ਹੁੰਦੀ ਹੋਈ ਵੀ
ਸਭ ਦੇ ਮੂੰਹੋਂ ਇਹੋ ਸੁਣਦੀ ਰਹੀ
ਕਿ ਬੇਗ਼ਾਨੇ ਘਰ ਦੀ ਪ੍ਰਾਹੁਣੀ ਐਂ ਤੂੰ,
ਇਹ ਨਹੀਂ ਦੂਜਾ ਘਰ ਐ ਤੇਰਾ।

ਅੰਮੀਏ!
ਦੂਜੇ ਘਰ ਗਈ ਤਾਂ–
ਅਜੇ ਉਸ ਘਰ ਦੀ ਛੱਤ ਛਾਵੇਂ
ਰੱਜ ਬੈਠ ਵੀ ਨਹੀਂ ਸੀ ਤੱਕਿਆ
ਉਸੇ ਤਰ੍ਹਾਂ ਦੀਆਂ ਆਵਾਜ਼ਾ ਫਿਰ ਗੂੰਜੀਆਂ
ਬੇਗਾਨੇ ਘਰ ਦੀ ਕੁੜੀ ਐਂ ਤੂੰ।

ਅੰਮੀਏ!
ਤੂੰ ਝੂਠ ਨਾ ਬੋਲੀਂ ਸੱਚ ਸੱਚ ਦੱਸੀਂ
ਭਲਾ ਕਿਹੜਾ ਘਰ ਐ ਮੇਰਾ?

ooo

## ਉਹ ਤਾਂ ਇਹੋ ਚਾਹੁੰਦਾ

ਬੱਸ
ਉਹ ਤਾਂ ਇਹੋ ਚਾਹੁੰਦਾ ਹੈ
ਕਿ ਮੈਂ
ਨੌਕਰਾਂ ਵਾਂਗ ਜੀ ਹਜ਼ੂਰੀ ਕਰਾਂ
ਆਪਾ ਮਾੜਾ ਉਹਦੀ ਖੁਸ਼ਾਮਤ ਕਰਾਂ
ਸਰਵੰਸ਼ ਨੂੰ ਚਲਾਉਣ ਲਈ–

ਉਹਦੇ ਪੁੱਤ ਦੀ ਮਾਂ ਬਣਾਂ
ਫੇਰ–
ਜੀਵਾਂ ਤੇ ਭਾਵੇਂ ਮਰਾਂ
ਬੱਸ!
ਉਹ ਤਾਂ ਇਹੋ ਕੁਝ ਚਾਹੁੰਦਾ ਹੈ
ਉਹ ਤਾਂ ਇਹੋ ਕੁਝ ਚਾਹੁੰਦਾ ਹੈ।

੦੦੦

## ਕਿਵੇਂ ਜੀਣਾ ਏਂ

ਅੰਮੀਏ!
ਤੇਰੇ ਸੀਨੇ ਹੌਲ ਕਿਉਂ ਨਹੀਂ ਉੱਠਦਾ?
ਤੇਰਾ ਸੀਨਾ ਮਚ ਕਿਉਂ ਨਹੀਂ ਉਠਦਾ?
ਲਾਡੋ ਤੇਰੀ ਤਾਂ-
ਤੀਲਾ ਤੀਲਾ ਹੋ ਮਚ ਰਹੀ ਐ
ਤੀਲਾ ਤੀਲਾ ਹੋ ਸੜ ਰਹੀ ਐ
ਦੀਵੇ ਤੇ ਉਡਦੇ ਹੋਏ ਪਤੰਗੇ ਵਾਂਗ।

ਅੰਮੀਏ।
ਤੂੰ ਸੁਣਦੀ ਕਿਉਂ ਨੀ?
ਤੂੰ ਸਮਝਦੀ ਕਿਉਂ ਨੀ?
ਤੈਨੂੰ ਤਾਂ ਪਤਾ ਕਿ ਮੈਂ-
ਸੱਚੋ ਸੱਚ ਕਹਿ ਸਕਦੀ ਆਂ
ਝੂਠ ਮੂਠ ਸਹਿ ਨਹੀਂ ਸਕਦੀ
.....ਤੇ ਬਿਨਾਂ ਵਜ੍ਹਾ ਹੀ.....
ਅੱਗ ਦੀ ਬਲੀ ਚੜ੍ਹ ਨਹੀਂ ਸਕਦੀ।
ਸਮਾਜ ਵਲੋਂ ਸਤਾਈਆਂ ਹੋਈਆਂ
ਅਨੇਕਾਂ ਬੇਗੁਨਾਹਾਂ ਵਾਂਗ।

ਅੰਮੀਏ।
ਚੁੱਪ ਕਰ ਗਈ ਤੂੰ?
ਬੁੱਤ ਬਣ ਗਈ ਤੂੰ?
ਚਲੋ...ਮੈਂ ਨਹੀਂ ਦੱਸਦੀ-
ਕਿਸੇ ਨੂੰ ਵੀ ਦੁਖ ਆਪਣਾ
ਸਾਰੇ ਗ਼ਮ ਮੈਂ ਆਪੇ ਹੀ-
ਘੁਟੋ ਘੁਟ ਪੀ ਜਾਵਾਂਗੀ
ਲਾਚਾਰ ਤੇ ਬੇਵਸ ਕੁੜੀ ਵਾਂਗ

ਅੰਮੀਏ!
ਹੁਣ ਤੂੰ ਕੋਈ ਫ਼ਿਕਰ ਨਾ ਕਰ
ਹੁਣ ਤੂੰ ਕੋਈ ਗ਼ਮ ਨਾ ਕਰ
ਇਹ ਮੇਰਾ ਕੰਮ ਐ-
ਮੈਂ ਆਪ ਕਿਵੇਂ ਜੀਣਾ ਏਂ
ਕਿਵੇਂ ਇਥੇ ਰਹਿਣਾ ਏਂ
ਇਕ ਅਬਲਾ ਵਾਂਗ ਜਾਂ
ਮਹਾਂ ਰਾਣੀ ਝਾਂਸੀ ਵਾਂਗ

ooo

## ਅੰਦਰਲੀ ਔਰਤ

ਮੈਂ ਆਪਣੇ ਪਤੀ ਨੂੰ ਕੁਝ ਕੁ ਪਲ ਹੀ
ਮਰਦ ਦੇ ਰੂਪ ਵਿਚ ਵੇਖਿਆ
ਪਰ!
ਉਦੋਂ ਮੈਂ ਕੁਆਰੀ ਸੀ
ਜਿਸ ਦਿਨ ਵਿਆਹੀ ਗਈ
ਉਸੇ ਦਿਨ ਉਸ ਵਹਿਸ਼ੀ ਦਾ ਰੂਪ ਧਾਰ ਲਿਆ।
ਅਗਲਾ ਦਿਨ ਚੜਦਿਆਂ ਹੀ ਕਹਿਣ ਲੱਗਾ
"ਹੁਣ ਤੂੰ......
ਕਿਸੇ ਬੰਤੇ ਬੁੰਤੇ ਦੀ ਕੁੜੀ ਨਹੀਂ
ਮੇਰੇ ਘਰ ਵਾਲੀ ਐ ਮੇਰੇ ਘਰ ਵਾਲੀ
ਮੇਰੇ ਹੁਕਮ ਤੋਂ ਬਗ਼ੈਰ.....
ਤੂੰ ਕਿਤੇ ਨਹੀਂ ਜਾ ਸਕਦੀ।
ਥਿੜਕਦੇ ਪੈਰ
ਡਿਗਦਾ ਢਹਿੰਦਾ ਸਰੀਰ
ਮੂੰਹ 'ਚੋਂ ਨਿਕਲ ਦੀਆਂ ਲਾਲਾਂ
ਖਿੜਖਿੜਾਉਂਦਾ ਬੇ ਵਜਾਹ ਹਾਸਾ
ਮੇਰੇ ਹੋਸ਼ ਹਵਾਸ਼ ਉਡਾ ਲੈ ਗਿਆ।

ਮੇਰੀਆਂ ਅੱਖਾਂ ਪਥਰਾਈਆਂ ਗਈਆਂ
ਬੁੱਲ ਸੀਤੇ ਗਏ, ਜਵਾਨ ਖਿੱਚੀ ਗਈ
ਪਿੰਡਾ ਬੁਤ ਵਾਕਣ ਧਰਤੀ ਵਿਚ ਗੱਡਿਆ ਗਿਆ।
ਮੇਰੀਆਂ ਸੱਭੇ ਰੀਝਾਂ ਬਿਨ ਪਾਣੀਓਂ
ਗੋਤੇ ਖਾਂਦੀਆਂ ਲੀਰੋ ਲੀਰ ਹੋ ਗਈਆਂ
ਹੱਥੀਂ ਲੱਗੀ ਮਹਿੰਦੀ, ਗੋਟੇ ਕਿਨਾਰੀਆਂ
ਹੌਕੇ ਭਰਦੀਆਂ ਢਹਿ ਢੇਰੀ ਹੋ ਗਈਆਂ

ਕਈ ਵਰ੍ਹੇ ਮੇਰੀ ਅਣਸੁਣੀ ਕੁਰਲਾਹਟ
ਕੰਧਾਂ ਨਾਲ ਟਕਰਾ ਦਫ਼ਨ ਹੁੰਦੀ ਰਹੀ
ਘਰ ਦੀ ਚਾਰ ਦੀਵਾਰੀ ਅੰਦਰ ਕੈਦ
ਮਸ਼ੀਨ ਵਾਕਣ ਦਿਨ ਰਾਤ ਕੰਮ ਕਰਦੀ ਰਹੀ

ਤੰਗੀਆਂ ਤੁਰਸ਼ੀਆਂ ਝਲਦੀ, ਬੱਚੇ ਜੰਮਦੀ ਫਰਜ਼ ਨਿਭਾਉਂਦੀ
ਗਰੀਬ ਮਾਂ ਬਾਪ ਦੇ ਤਾਹਨੇ ਮਿਹਣੇ ਸੁਣਦੀ ਰਹੀ
ਬੇਤਹਾਸ਼ਾ ਤਸ਼ੱਦਦ ਝਲਦਿਆਂ ਝਲਦਿਆਂ
ਇਕ ਦਿਨ ਮੇਰੀਆਂ ਅੱਖਾਂ ਤੋਂ ਪੱਟੀ ਲੱਥ ਗਈ

ਮੈਂ.....ਉਸ ਨੂੰ ਦੋਹਾਂ ਹੱਥਾਂ ਨਾਲ ਫੜ
ਲੀਰੋ ਲੀਰ ਕਰ ਦੂਰ ਵਗਾਂਹ ਮਾਰਿਆ।
ਵਹਿਸ਼ੀ ਦੇ ਹੱਥ ਮੇਰੀ ਸੰਘੀ ਨੂੰ ਆ ਪਏ
ਪਰ! ਉਹ ਹੁਣ ਦਬਾ ਨਾ ਸਕਿਆ
ਕਿਉਂ ਕਿ...
ਮੇਰੀਆਂ ਅੱਖਾਂ ਤੋਂ ਪੱਟੀ ਲੱਥ ਚੁੱਕੀ ਸੀ।
ਮੇਰੇ ਅੰਦਰਲੀ ਔਰਤ ਜਾਗ ਚੁੱਕੀ ਸੀ॥

ooo

## ਵਿਆਂਦੜ ਕੁੜੀ

ਦਿਵ 'ਚ
ਢੇਰ ਸਾਰੇ ਅਰਮਾਨ ਲੈ ਡੋਲੀ 'ਚ
ਬੈਠੀ ਸੀ ਉਹ ਵਿਆਂਦੜ ਕੁੜੀ।
ਮਹਿੰਦੀ ਦੇ ਰੰਗ 'ਚੋਂ ਤੱਕਿਆ ਸੀ
ਉਸਨੇ ਸੱਸ ਦਾ ਪਿਆਰ
ਵਿਚੋਲੇ ਦੀਆਂ ਗੱਲਾਂ 'ਚੋਂ ਭਾਂਪਿਆਂ ਸੀ
ਉਹਨੂੰ ਚੰਗਾ ਤੇ ਸਾਊ ਪਰਿਵਾਰ।
ਡੋਲੇ ਸਹੁਰੇ ਘਰ ਪਹੁੰਚਦਿਆਂ
ਔਰਤਾਂ ਗੀਤ ਗਾਏ-
ਵਿਆਂਦੜ ਕੁੜੀ ਖੁਸ਼ ਐ
ਚੀਰੇ ਵਾਲਾ ਚੁੱਪ ਐ
ਦੱਸ ਨੀ ਵਿਚੋਲਣੇ-
ਕੀ ਹੋਈ ਗੱਲ ਐ?
ਸਾਰਿਆਂ ਰਲਵਾਂ ਮਿਲਵਾਂ ਹਾਸਾ ਹੱਸਿਆ
ਤੇ ਆਪੋ ਆਪਣੇ ਘਰ ਦਾ ਰਾਹ ਮੱਲਿਆ।

ਪਰ!
ਚੀਰੇ ਵਾਲਾ ਸੱਚ ਮੁੱਚ ਚੁੱਪ ਸੀ
ਸ਼ਇਦ ਇਸ ਲਈ ਕਿ ਉਸ ਨੂੰ-
ਮੂੰਹੋਂ ਮੰਗਿਆ ਦਾਜ਼ ਨਹੀਂ ਸੀ ਮਿਲਿਆ
ਅਗਲੇ ਦਿਨ ਸਾਰਾ ਪਰਿਵਾਰ ਗੁੱਟ ਬਣਿਆ
ਵਿਹੜੇ ਆਪੋ ਆਪਣੀਆਂ ਗੱਲਾਂ ਮਾਰ ਰਿਹਾ ਸੀ
ਵਿਆਂਦੜ ਕੁੜੀ-
ਆਪਣੇ ਅਰਮਾਨਾਂ ਦੇ ਢਹਿ ਢੇਰੀ ਹੋ ਜਾਣ 'ਤੇ
ਇਕੱਲੀ ਬੈਠੀ ਹੰਝੂ ਕੇਰ ਰਹੀ ਸੀ

ooo

## ਮਾਲਕਣ ਤੇ ਨੌਕਰਾਣੀ

ਜਦੋਂ
ਉਹ ਨਵੀਂ-ਨਵੀਂ ਵਿਆਹੀ ਸਹੁਰੇ ਘਰ ਆਈ ਸੀ
ਚਾਰ ਰੋਟੀਆਂ ਤੋਂ ਇਲਾਵਾ ਉਸ ਦੀ ਕੋਈ ਮੰਗ ਨਹੀਂ ਸੀ

ਉਦੋਂ ਉਹ-
ਸੋਹਣੀ ਸੁਨੱਖੀ, ਸੁਚੱਜੀ, ਚੰਗੀ, ਗੁਣਵਾਨ ਤੇ ਸੂਝਵਾਨ
ਪਤਨੀ ਦੇ  ਰੂਪ ਵਿਚ ਘਰ ਦੀ ਮਾਲਕਣ ਸੀ।

ਜਦੋਂ-
ਰੋਟੀਆਂ ਤੋਂ ਇਲਾਵਾ ਕੱਪੜੇ ਤੇ ਹੋਰ ਵਸਤਾਂ
ਦੀ ਮੰਗ ਸਾਹਮਣੇ ਆਉਣ ਲੱਗੀ
ਤਾਂ ਉਹ-
ਬਦਸੂਰਤ, ਬੇ ਅਕਲ, ਬੇਸਮਝ
ਪਾਗਲ ਭੁੱਖੇ ਘਰ ਦੇ ਭੁੱਖੜਿਆਂ ਦੀ ਧੀ
ਘਰ ਦੀ ਮਾਲਕਣ ਤੋਂ ਨੌਕਰਾਣੀ ਬਣ ਗਈ।

ooo

## ਗੋਸ਼ਟੀ

ਮੱਛੀ ਪੱਥਰ ਚੱਟ ਕੇ ਕਿਉਂ ਮੁੜਦੀ ਹੁੰਦੀ ਐ ?
ਜ਼ੋਰਾਂ ਸ਼ੋਰਾਂ ਨਾਲ ਬਹਿਸ ਸ਼ੁਰੂ ਹੋ ਗਈ।
ਇਕ ਨੇ ਕਿਹਾ–
ਪੱਥਰ ਤੋਂ ਲੰਘਣ ਦੀ
ਮੱਛੀ 'ਚ ਸਮਰੱਥਾ ਈ ਕਿਥੇ ਐ ?
ਦੂਜੇ ਨੇ ਕਿਹਾ–
ਪੱਥਰ 'ਚ ਤਾਕਤ ਈ ਐਨੀ ਏਂ
ਕਿ ਮੱਛੀ ਅੱਗੇ ਲੰਘ ਈ ਨਹੀਂ ਸਕਦੀ
ਤੀਜੇ ਨੇ ਕਿਹਾ–
ਪੱਥਰ ਨੇ ਆਪਣੀ ਰੂਹ 'ਚੋਂ
ਜ਼ਹਿਰ ਛੱਡੀ ਹੁੰਦੀ ਐ
ਮੱਛੀ ਅੱਗੇ ਕਿਵੇਂ ਜਾ ਸਕਦੀ ਐ ?

ਇਹ ਸੁਣ ਮੱਛੀ ਖਿੜ ਖਿੜ ਹੱਸੀ
ਤੇ ਆਖਣ ਲੱਗੀ–
ਓਏ ਮੂਰਖੋ, ਮੇਰੇ ਅੱਗੇ ਲੰਘਣ ਜਾਂ
ਨਾ ਲੰਘਣ ਦੀ ਤੁਹਾਨੂੰ ਚਿੰਤਾ ਕਿਉਂ ?
ਤੁਸੀਂ ਤਾਂ ਇਸ ਗੱਲ ਦੀ ਚਿੰਤਾ ਕਰੋ,
ਕਿ ਜਿਥੇ ਤੁਸੀਂ ਖੜ੍ਹੇ ਹੋ
ਉੱਥੇ ਖੜ੍ਹੇ ਰਹਿ ਵੀ ਸਕਦੇ ਹੋ
ਜਾਂ.......

ooo

## ਵੰਗਾਰ

ਤੜਕੇ ਉਠ ਅਸੀਂ ਫੜ ਕੇ ਪੱਲੀਆਂ
ਪਈਆਂ ਖੂਹੇ ਵਾਲੇ ਰਾਹ
ਨੀਂ ਬਣਾ ਕੇ ਪੱਠੇ
ਲਏ ਪੱਲੀਆਂ 'ਚ ਪਾਅ....

ਸਿਰਾਂ 'ਤੇ ਉਤੇ ਪੰਡਾਂ ਚੁੱਕ ਕੇ ਚੱਲੀਆਂ
ਅੱਗੋਂ ਮਿਲ ਗਏ ਬੇਈਮਾਨ
ਨੀਂ ਰਖਾ ਲਏ ਪੱਠੇ
ਰੋਲੀ ਮਿੱਟੀ ਵਿਚ ਸ਼ਾਨ.......

ਸੋਹਣੀਆਂ ਸਨੁੱਖੀਆਂ, ਤੱਕ ਕੇ ਕਲੀਆਂ
ਭੈੜੀਓ ਮਾਰ ਮੰਦੇ ਬੋਲ
ਵੇ ਹੁਣ ਜਾਣਾ ਕਿੱਥੇ
ਬਹਿ ਜਾਓ ਪੱਠਿਆਂ ਦੇ ਕੋਲ.......

ਦਿਨ ਗੁਜ਼ਾਰੇ ਅਸਾਂ ਚੁੱਗ ਕੇ ਬੱਲੀਆਂ
ਰੱਖਿਆ ਨਾ ਕਿਸੇ ਦਾ ਉਧਾਰ
ਨੀ ਫੜਾਇਓ ਦਾਤੀ
ਬੁਲਾਵਾਂ ਵੈਰੀਆਂ ਨੂੰ ਪਾਰ.......

000

## ਗੀਤ

ਅੰਮੀਏ ਨੀ ਅੰਮੀਏ ਸੁਣ ਮੇਰੀ ਅੰਮੀਏ
ਸਾਡੇ ਕਿਹੜੀ ਗੱਲੋਂ ਮੰਦੜੇ ਨੇ ਹਾਲ,
ਤੱਕ ਹੁਣ ਮੇਰੀ ਅੰਮੀਏ
ਸਾਥੋਂ ਹੁਣ ਜਾਣ ਨਾ ਸਹਾਰ
ਗੱਲ ਸੁਣ ਮੇਰੀ ਅੰਮੀਏ.......।

ਜੰਮਦੀ ਪਨੀਰੀ ਗਹਿਣੇ ਸ਼ਾਹਾਂ ਦੇ ਨੀ ਹੋ ਗਈ,
ਭਰਦੀ ਜਵਾਨੀ ਹੌਕੇ ਸਾਰੀ ਇਥੇ ਖੋ ਗਈ,
ਨੀ ਪਲ ਪਲ ਰੋਈ ਜ਼ਿੰਦਗੀ ਜ਼ਿੰਦਗੀ ਬੇਵੱਸ ਤੇ ਲਾਚਾਰ,
ਤੱਕ ਹੁਣ ਅੰਮੀਏ.....
ਅੰਮੀਏ ਨੀ ਅੰਮੀਏ........।

ਕੁੜੀਆਂ ਜਿਥੇ ਮਾਏ ਦਾਜ ਨੇ ਦਬੋਚਿਆ,
ਆਂਦਰਾਂ ਨੂੰ ਜਿਥੇ ਮਾਏ ਭੁੱਖ ਨੇ ਖਰੋਚਿਆ
ਨੀ ਰੁਲ ਦੀਆਂ ਨਿਤ ਇੱਜ਼ਤਾਂ-ਇੱਜ਼ਤਾਂ ਤਾਂ ਸ਼ਰੇ ਨੀ ਬਾਜ਼ਾਰ
ਤੱਕ ਹੁਣ ਮੇਰੀ ਅੰਮੀਏ........
ਅੰਮੀਏ ਨੀ ਅੰਮੀਏ..........।

ਕਰ ਕੇ ਕਮਾਈਆਂ ਜਿੱਥੇ ਜ਼ਿੰਦ ਗਈ ਏ ਥੱਕ ਨੀ,
ਵਾਂਗ ਦਰਿਆਵਾਂ ਮਾਏ ਰੋਏ ਜਿੱਥੇ ਅੱਖ ਨੀ,
ਨੀ ਸਾਡੇ ਵਿਹੜੇ ਸੋਗ ਹੀ ਰਹੇ-ਸਾਡੇ ਵਿਹੜੇ ਕਾਤੋਂ ਆਏ ਨਾ ਬਹਾਰ,
ਤੱਕ ਹੁਣ ਮੇਰੀ ਅੰਮੀਏ.....
ਅੰਮੀਏ ਨੀ ਅੰਮੀਏ..........।

ਗ਼ਮਾਂ ਵਾਲੀ ਰਾਤ ਆਏ ਉਦੋਂ ਕੱਟੀ ਜਾਵਣੀ
ਕੱਠੇ ਹੋ ਕੇ ਚੋਟ ਤਾਂ ਨਗਾਰੇ ਜਦੋਂ ਲਾਵਣੀ
ਨੀ ਜ਼ੋਰੀ ਹੱਕ ਖੋਵਣੇ ਜੂਝਦੇ ਨੇ ਤਾਹੀਓਂ ਤੇ ਜੁਝਾਰ,
ਗੱਲ ਸੁਣ ਮੇਰੀ ਅੰਮੀਏ......
ਅੰਮੀਏ ਨੀ ਅੰਮੀਏ...........।

੦੦੦

## ਜ਼ਖਮਾਂ ਦੀ ਦਾਸਤਾਂ

ਕਵਿਤਾ.......
ਦੁਨੀਆਂ ਤੇ ਆਉਣ ਤੋਂ ਪਹਿਲਾਂ ਹੀ
ਘੁੱਪ ਹਨੇਰੇ 'ਚ ਕਤਲ ਕਰ ਦਿੱਤੀ ਗਈ
ਅਣਜੰਮੀ ਬਾਲੜੀ ਦੀ ਬਰਫ਼ੀਲੀ ਚੀਖ ਹੈ।
ਜ਼ਿੰਦਗੀ ਨੂੰ ਧੱਕਾ ਲਾਉਣ ਲਈ
ਦਿਹਾੜੀ ਕਰਨ ਗਈ ਮੁਟਿਆਰ ਦੀ
ਹੈਂਕੜ ਬਾਜ ਜਮੀਂਦਾਰ ਦੇ ਛੋਕਰੇ ਵਲੋਂ
ਖੇਤਾਂ 'ਚ ਦਫਨ ਕਰ ਦਿੱਤੀ ਗਈ ਆਵਰੂ ਹੈ।
ਢਿੱਡ ਦੀ ਭੁੱਖ ਮਿਟਾਉਣ ਲਈ
ਬਾਬੂਆਂ ਸਰਦਾਰਾਂ ਦੇ ਮੂੰਹੋਂ ਅਸ਼ਲੀਲ
ਸ਼ਬਦ ਸੁਣਦੀ ਮੰਗਤੀ ਦੀ ਦਰਦੀਲੀ ਚੀਖ ਹੈ।

ਕਵਿਤਾ.......
ਦੁਖਿਆਰੀ ਆਤਮਾ ਦੇ ਸੀਨੇ 'ਚੋਂ
ਰਿਸ਼ਦੇ ਜ਼ਖ਼ਮਾਂ ਦੀ ਦਾਸਤਾਂ ਹੈ।
ਮੁਟਿਆਰ ਦੇ ਪੱਲੇ 'ਚੋਂ ਉੱਡ ਕੇ ਰਾਖ ਦੀ ਢੇਰੀ
ਬਣੀਆਂ ਸਧਰਾਂ ਦੀ ਦਾਸਤਾਂ ਹੈ।
ਮਾਂ ਦੀਆਂ ਰਿੱਝ ਰਿੱਝ ਸੁਕੀਆਂ ਸੜੀਆਂ
ਖਾਮੋਸ਼ ਹੋਈਆਂ ਰੀਝਾਂ ਦੀ ਦਾਸਤਾਂ ਹੈ।
ਕਿਸੇ ਸੜਦੀ ਤਪਦੀ ਆਤਮਾ ਅੰਦਰ ਬੇਰੋਕ
ਛਲਾਂ ਮਾਰਦੇ ਦੁੱਖ ਭਰੇ ਹੰਝੂਆਂ ਦੀ ਦਾਸਤਾਂ ਹੈ।

ਕਵਿਤਾ.....
ਫੈਕਟਰੀ 'ਚ ਮਸ਼ੀਨ ਨਾਲ ਮਸ਼ੀਨ ਬਣੇ
ਬਾਪੂ ਦੀਆਂ ਬੁੱਝ ਗਈਆਂ ਅੱਖਾਂ ਦੀ ਦਾਸਤਾਂ ਹੈ।
ਸੇਜਲ ਅੱਖਾਂ ਨਾਲ ਧੀ ਨੂੰ ਪਿਆਰ ਦਿੰਦੇ
ਕੰਬਦੇ ਅਤੇ ਖਾਲੀ ਹੱਥਾਂ ਦੀ ਦਾਸਤਾਂ ਹੈ।
ਨੀਂਦਰਾਂ ਝੋਕਦੇ ਬੁਢਾਪੇ ਦੇ ਆਸਰੇ ਦੀ
ਟੋਕੇ 'ਚ ਟੁਕੜੇ ਟੁਕੜੇ ਹੋਈ ਬਾਂਹ ਦੀ ਦਾਸਤਾਂ ਹੈ।
ਭੋਰਾ ਭੋਰਾ ਕਰ ਕੇ ਡੰਗ ਟਪਾਈ ਕਰਨ ਲਈ
ਕੰਡਿਆਲੇ ਰਾਹਾਂ ਤੇ ਭੱਠ ਝੋਕਣ ਦੀ ਦਾਸਤਾਂ ਹੈ।

ਕਵਿਤਾ......
ਜ਼ਮੀਂਦਾਰ ਦੇ ਵੱਗ ਦਾ ਗੋਹਾ ਸੁੱਟਦੀ
ਨਾਬਾਗਲ ਬਾਲੜੀ ਦੀ ਅਣ ਕਿਆਸੀ ਦਾਸਤਾਂ ਹੈ।
ਕੋਲੇ ਚੁਗਦੀ ਰੋੜੀ ਕੁੱਟਦੀ ਨਾਰ ਦੇ
ਦੁੱਖਾਂ ਮੁਸੀਬਤਾਂ ਦੀ ਦਾਸਤਾਂ ਹੈ।
ਕਿਸੇ ਮਾਜਬੂਰਨ ਦੇ ਪੈਰੀਂ ਛਣਕਦੇ  ਘੁੰਗਰੂਆਂ ਦੇ
ਛਣਕਾਰ ਦੀ ਦਿਲ ਹਲੂਣਵੀਂ ਦਾਸਤਾਂ ਹੈ।
ਜਨੂੰਨ 'ਚ ਅੰਨ੍ਹੇ ਜਨੂੰਨੀਆਂ ਵਲੋਂ ਛਲਣੀ ਕੀਤੇ
ਬੇਗੁਨਾਹਾਂ ਦੀਆਂ ਲਾਸ਼ਾਂ ਤੇ ਵੈਣ ਪਾਉਂਦੀ
ਮਮਤਾ ਦੀ  ਦੁਖ ਭਰੀ ਦਾਸਤਾਂ ਹੈ।

ਕਵਿਤਾ......
ਤੰਗੀਆਂ ਤੁਰਸ਼ੀਆਂ ਨਾਲ ਡੰਗ ਟਪਾਉਂਦੇ
ਹਰ ਮਨੁੱਖ ਅੰਦਰ ਉੱਗ ਰਹੀ ਚੇਤਨਾ ਹੈ।
ਲੁਟੀਆਂ ਪੁਟੀਆਂ ਜਾਂਦੀਆਂ ਔਰਤਾਂ ਅੰਦਰ
ਇਨਸਾਫ ਲਈ ਉੱਗ ਰਹੀ ਚੇਤਨਾ ਹੈ।
ਹਰ ਜਗਦੀ ਅੱਖ 'ਚ
ਉਗਮ ਰਿਹਾ ਗੈਰਤ ਦਾ ਜਜ਼ਬਾ ਹੈ।

ooo

## ਜ਼ਾਲਿਮ

ਬੜਾ ਕਮੀਨਾ ਬੇਦਰਦ ਹੈ ਜ਼ਾਲਮ
ਉਹ ਜਾਣਦਾ ਹੈ-

ਅਸਲੀਅਤ ਨੂੰ ਛਪਾਉਣ ਲਈ
ਖੂੰਖਾਰ ਚਿਹਰੇ ਤੇ ਲਿਸ਼ਕਵਾਂ ਨਕਾਬ ਚੜ੍ਹਾਉਣਾ
ਮੌਕਾ ਪ੍ਰਸਤੀ ਦਾ ਸਿਰ ਪਲੋਸ
ਗਿਰਗਿਟ ਵਾਂਗ ਵੱਖੋ ਵੱਖਰੇ ਰੰਗ ਬਦਲਾਉਣਾ
ਕਦੇ ਕਾਨੂੰਨੀ ਡੰਡਾ ਚਲਾਉਣਾ
ਕਦੇ ਗ਼ੈਰ ਕਾਨੂੰਨੀ ਕਹਿਰ ਵਰ੍ਹਾਉਣਾ
ਕਦੇ ਔਰੰਗਜ਼ੇਬੀ ਹੁਕਮ ਚਲਾਉਣਾ
ਕਦੇ ਹਿਟਲਰੀ ਫੁਰਮਾਨ ਸੁਣਾਉਣਾ

ਉਹ ਜਾਣਦਾ ਹੈ-
ਗੂੰਗੇ, ਬਹਿਰੇ, ਅੰਨੇ ਚਲਦੇ ਫਿਰਦੇ
ਹੱਡ ਮਾਸ ਦੇ ਪੁਤਲੇ ਬਣਾਉਣੇ
ਕੁੱਲੀਆਂ ਢਾਰਿਆਂ 'ਚ ਚਾਨਣ ਵੰਡਦੀ
ਇਨਸਾਨੀਅਤ ਦੇ ਟੁਕੜੇ ਕਰਾਉਣੇ
ਹੱਕੀ ਆਵਾਜ਼ ਨੂੰ ਵਰ੍ਹਿਆਂ ਬੱਧੀ
ਕਾਲ ਕੋਠੜੀਆਂ 'ਚ ਬੰਦ ਕਰਾਉਣਾ
ਕੂੜ ਦੀਆਂ ਕੰਧਾਂ ਉਸਾਰ
ਸੱਚ ਨੂੰ ਫਾਂਸੀਆਂ ਤੇ ਲਟਕਾਉਣ।

ਉਹ ਇਹ ਵੀ ਜਾਣਦਾ ਹੈ-
ਧਰਮਾਂ ਜਾਤਾਂ ਫਿਰਕਿਆਂ ਦੇ ਨਾਂ 'ਤੇ
ਬੇਗੁਨਾਹਾਂ ਦੀਆਂ ਲਾਸ਼ਾਂ ਦੇ ਢੇਰ ਵਛਾਉਣੇ
ਖੰਜਰਾਂ, ਤ੍ਰਿਸ਼ੂਲਾਂ, ਭਾਲਿਆਂ, ਤਲਵਾਰਾਂ ਨਾਲ
ਖੂਨੀ ਦਰਿਆਵਾਂ ਦੇ ਹੜ੍ਹ ਲਿਆਉਣੇ
ਦੁੱਧ ਵਰਗੇ ਚਿੱਟੇ ਦਿਨਾਂ ਨੂੰ.....
ਕਾਲੀਆਂ ਗ਼ਮਗ਼ੀਨ ਰਾਤਾਂ 'ਚ ਬਦਲਾਉਣਾ
ਖੁਸ਼ੀਆਂ, ਚਾਵਾਂ, ਮਲ੍ਹਾਰਾਂ ਦੇ ਸੁਨਿਹਰੀ
ਸੁਪਨਿਆਂ ਨੂੰ ਕਬਰਾਂ 'ਚ ਦਫਨਾਉਣਾ।

ਪਰ!
ਉਹ ਨਹੀਂ ਜਾਣਦਾ–
ਜਿਹੜਾ ਜ਼ਬਰ–ਜ਼ੁਲਮ ਸਹਿਣਾ ਜਾਣਦਾ ਹੈ
ਉਹ ਜ਼ਾਲਮਾਂ ਦੇ ਗਲ ਗੂੰਠਾ–
ਦੇਣਾ ਵੀ ਚੰਗੀ ਤਰ੍ਹਾਂ ਜਾਣਦਾ ਹੈ
ਜਿਹੜਾ ਸੱਚ ਫਾਂਸੀਆਂ ਤੇ ਚੜ੍ਹਨਾ ਜਾਣਦਾ ਹੈ
ਉਹ ਕੂੜ ਤੂਫ਼ਾਨ ਦੀਆਂ ਕੰਧਾਂ ਨੂੰ–
ਢਹਿ ਢੇਰੀ ਕਰਨਾ ਵੀ ਜਾਣਦਾ ਹੈ।
ਜਿਹੜਾ ਘੋਰ ਹਨੇਰ 'ਚ ਜਿੰਦਗੀ ਜਿਊਣਾ ਜਾਣਦਾ ਹੈ।
ਓਹ ਹਨੇਰੇ ਦੀ ਛਾਤੀ ਪਾੜ–
ਉਜਾਲਾ ਲਿਆਉਣਾ ਵੀ ਜਾਣਦਾ ਹੈ।
ਉਜਾਲਾ ਲਿਆਉਣਾ ਵੀ ਜਾਣਦਾ ਹੈ॥

ooo

## ਉਹ ਬੋਲੀ

ਉਹ ਬੋਲੀ
ਤੇ ਬੋਲਦੀ ਗਈ.......
ਪੂਛਾ ਲੱਗੇ
ਰੰਗ ਬਰੰਗੇ
ਲਛੇਦਾਰ
ਸ਼ਬਦਾਂ ਦੀ ਵਰਖਾ ਕਰਦੀ ਗਈ
ਮੇਰੀਆਂ ਤਿੰਨ ਪੀੜੀਆਂ ਦੇ ਮਾਲਕ
ਕੰਨ ਵਲੇਟ ਸਭ ਕੁੱਝ ਸੁਣਦੇ ਗਏ।
ਮੇਰੀ ਵਾਰੀ ਆਈ–
ਤਾਂ ਮੇਰੇ ਕੰਨ
ਝੂਠ ਫਰੇਬ ਮਕਰ ਸੁਨਣੋ ਇਨਕਾਰੀ ਹੋ ਗਏ।

## ਉਹ ਬੋਲੀ

ਉਹ ਬੋਲੀ
ਤੇ ਬੋਲਦੀ ਗਈ.....
ਐਵੇ ਰੌਲਾ ਨਾ ਪਾਓ
ਸਾਡਾ ਸਿਰ ਨਾ ਖਾਓ
ਜੇ ਕੰਮ ਮਿਲਦਾ ਕਰੋ
ਨਹੀਂ ਤਾਂ ਸੌਂ ਜਾਓ
ਏਸੇ ਵਿਚ ਹੈ ਲੋਕ ਭਲਾਈ
ਬੰਦ ਕਰੇ ਇਹ ਹਾਲ ਦੁਹਾਈ
ਤੇ.......
ਤੇ ਭੁੱਖਾ ਢਿੱਡ ਬੋਲ ਪਿਆ
ਸਾਨੂੰ ਨਹੀਂ ਚਾਹੀਦੀ ਤੁਹਾਡੀ ਇਹ
ਲੋਕ ਭਲਾਈ ਦੀ ਸੇਵਾ
ਆਪਣੇ ਹੱਕ ਲੈ ਕੇ ਤੁਹਾਥੋਂ
ਅਸੀਂ ਆਪੇ ਖਾਵਾਂਗੇ ਮੇਵਾ।
000

## ਅਸੀਂ ਬਣ ਗਏ ਹਾਂ

ਅਸੀਂ ਬਣ ਗਏ ਹਾਂ
ਰੇਤਲਿਆਂ ਸਿਲ੍ਹਾਂ ਨੂੰ-
ਸਿਰਾਂ ਉਤੇ ਢੋਹ ਢੋਹ
ਉਨ੍ਹਾਂ ਵਰਗੀ ਹੀ ਕਠੋਰ
ਤੇ ਉਨ੍ਹਾਂ ਵਰਗੇ ਹੀ ਅਮੋੜ
ਜੋ......
ਜੰਮ ਜਾਂਦੀਆਂ ਹਨ
ਪਰਬਤਾਂ ਤੇ ਸਿਰਾਂ ਉਤੇ ਵੀ
ਬਣ ਕੇ ਬੱਜਰ ਸਲੋਟ
ਫਾਲਤੂ ਜੜ੍ਹੀ ਬੂਟੀਆਂ ਨੂੰ
ਜੜ੍ਹਾਂ ਤੋਂ ਹੀ ਤੋੜ ਮਰੋੜ

ooo

## ਕੋਰੜੇ

ਕਿਉਂ ?
ਇਹ ਸਾਡੇ ਹਿੱਸੇ ਹੀ ਕਿਉਂ ??
ਅਸੀਂ
ਜਿਹੜੇ ਕਦੇ ਥੱਕੇ ਨਹੀਂ ਕੰਮ ਕਰ
ਜਿਹੜੇ ਕਦੇ ਸੁੱਤੇ ਨਹੀਂ ਨੀਂਦ ਭਰ
ਜਿਹੜੇ ਕਦੇ ਰੱਜੇ ਨਹੀਂ ਪੇਟ ਭਰ
ਸਾਰੀ ਉਮਰ-
ਤਾਨਾਸ਼ਾਹ ਤੇ ਕੋਠੜਿਆਂ ਦੀ
ਮਾਰ ਝੱਲਦੇ ਰਹਿ ਜਾਂਦੇ ਹਾਂ।
ਹਰ ਚੀਜ਼ ਨੂੰ ਤਰਸਦੇ
ਉਮਰ ਬਤੀਤ ਕਰ ਜਾਂਦੇ ਹਾਂ॥
ooo

## ਦਰਦ

ਦਰਦ!
ਸੀਨੇ ਅੰਦਰ ਪੈਂਦੀ
ਬੇ ਆਵਾਜ਼ ਗਰਜ਼ ਹੈ।
ਜਿਸ ਨੂੰ ਮੈਂ
ਸੱਜਰੇ ਪਾਣੀ ਵਾਕੁਣ
ਚੁੱਪ ਚਾਪ ਘੁੱਟਾਂ ਭਰ ਭਰ ਪੀਤਾ।
ਸੜਦੀ ਤਪਦੀ ਆਤਮਾ ਅੰਦਰ
ਆਏ ਬੇਵਸੀ ਦੇ ਲੰਗਾਰਾਂ ਨੂੰ
ਤਰੋਪੇ ਲਾ ਲਾ ਕੇ ਸੀਤਾ॥

ਦਰਦ!
ਤਪਦੇ ਥਲਾਂ ਅੰਦਰ ਵਗਦੀ
ਬੇ-ਸ਼ੁਮਾਰ ਕੰਡਿਆਲੀ ਲੂ ਹੈ
ਜਿਸ ਨੂੰ ਮੈਂ-
ਰੇਗਿਸਥਾਨ ਦੀ ਰੇਤ ਬਣ
ਹਰ ਹਾਲ ਜ਼ਰਨ ਦਾ ਜੇਰਾ ਕੀਤਾ।
ਆਪਣੇ ਖੌਲਦੇ ਖ਼ੂਨ ਨੂੰ
ਆਪੇ ਠੰਡਾ ਕਰ ਕਰ ਪੀਤਾ॥

ਦਰਦ!
ਸੁੱਤੇ ਪਏ ਮਨ ਅੰਦਰ
ਸ਼ੂਕਦਾ ਦਰਿਆ ਹੈ
ਜਿਸ ਨੂੰ ਮੈਂ-
ਪਾਰ ਕਰਨ ਲਈ ਧੜਕਦੇ ਸਾਹਾਂ ਦੀ
ਪੌੜੀ ਦਾ ਆਸਰਾ ਲੀਤਾ।
ਛੱਲਾਂ ਮਾਰਦਾ ਸ਼ੂਕਦਾ ਦਰਿਆ
ਮੇਰੇ ਜ਼ੇਰੇ ਨੂੰ ਤੱਕ-
ਆਪੇ ਹੀ ਹੋ ਗਿਆ ਫੀਤਾ ਫੀਤਾ॥

ooo

## ਤੁਸੀਂ ਮੰਨੋ ਭਾਵੇਂ ਨਾ

ਉਹਨੇ ਕਿਹਾ-
ਤੁਸੀਂ ਸੱਚ ਮੰਨੋ, ਭਾਵੇਂ ਨਾ ਮੰਨੋਂ
ਅਸੀਂ ਤਾਂ ਤੁਹਾਡੇ ਰਾਖਵਾਲੇ ਆਂ
ਸਾਡਾ ਕੰਮ ਐ ਡਿਊਟੀ ਵਜਾਉਣਾ
ਬੱਸ........
ਤੁਸੀਂ ਚੁੱਪ ਕਰ ਕੇ ਸੌ ਜਾਓ
ਨਿਸ਼ਚਿੰਤ ਹੋ ਕੇ......
ਫੇਰ ਤੁਹਾਡੇ ਸਾਰਿਆਂ ਦੇ
ਜਾਨ ਮਾਲ ਦੀ ਰਾਖੀ ਕਰਨਾ
ਸਾਡਾ ਆਪਣਾ ਕੰਮ ਐ
ਤੇ......ਤੁਸੀਂ ਸਵੇਰੇ ਉਠ ਕੇ ਦੇਖਿਓ......
ਅਸੀਂ ਕਿੰਨੇ ਸੁਚੱਜੇ ਢੰਗ ਨਾਲ.....
ਤੁਹਾਡੇ ਜਾਨ ਮਾਲ ਦੀ ਸਾਂਭ ਸੰਭਾਲ ਕਰਦੇ ਆਂ

ooo

## ਲੋਕ ਰਾਜ

ਹੱਥ 'ਚ ਡੰਡਾ
ਮੂੰਹ 'ਚ ਲੋਕ ਰਾਜ
ਕਿੰਨਾ ਸੋਹਣਾ ਐ-
ਇਹ ਲੋਕ ਰਾਜ?
ਹੱਥ 'ਚ ਜੁੱਤੀ
ਮੂੰਹ 'ਚ ਰਾਮ ਰਾਮ
ਕਿੰਨਾ ਸੋਹਣਾ ਐ-
ਇਹ ਰਾਮ ਰਾਜ?
ਹੱਥ 'ਚ ਜ਼ਹਿਰ ਪੁੜੀ
ਮੂੰਹ 'ਚ ਖੰਡ ਮਿਸ਼ਰੀ
ਕਿੰਨਾ ਸੋਹਣਾ ਐ-
ਇਹ ਲੋਕ ਰਾਜ?

ooo

## 26 ਜਨਵਰੀ

ਉਹਨੇ
ਮੇਰੇ ਮੋਢੇ ਤੇ ਹੱਥ ਮਾਰਿਆ
ਤੇ ਆਖਿਆ.....
ਔਹ ਦੇਖ.....
ਖਿਲਰੇ ਹੋਏ ਵਾਲ
ਪਾਟੀਆਂ ਝੀਟੀਆਂ ਲੀਰਾਂ ਨਾਲ
ਅੱਧ ਕੱਜਿਆ ਹੋਇਆ ਪਿੰਡਾ
ਉਚੜੇ ਹੋਏ ਜ਼ਖ਼ਮਾਂ 'ਚੋਂ ਵਗਦਾ ਲਹੂ
ਅੱਖਾਂ 'ਚੋਂ ਡੁੱਲ-ਡੁੱਲ ਪੈਂਦੇ ਅਥਰੂ
ਮਰੇ ਹੋਏ ਗਧੇ ਵਾਕਣ
ਉਸ ਨੂੰ....
ਧੂਈ ਲਿਜਾ ਰਹੇ ਹਵਸ਼ੀ ਕੁੱਤੇ
ਮੈਂ!
ਇਕ ਦਮ ਚੌਂਕ ਪਈ
ਇਹ ਕੀ?
ਉਸ ਵਿਚਾਰੀ ਨੂੰ ਛੁਡਾ......
ਆਪਣੇ ਗਲ ਨਾਲ ਲਾ ਲਿਆ।
"ਤੂੰ ਕੌਣ ਏਂ......?
ਸਾਡੇ ਜਸ਼ਨ 'ਚ ਰੁਕਾਵਟ ਪਾਉਣ ਵਾਲੀ।

ਝੱਟ ਕੀੜੀਆਂ ਮੇਰੇ ਹੱਥਾਂ ਨਾਲ ਆਣ ਬੱਝੀਆਂ
ਹੁਣ ਮੈਂ.....
ਕਾਲ ਕੋਠੜੀ 'ਚ ਬੰਦ ਸੋਚ ਰਹੀ ਹਾਂ
ਉਹ ਕੌਣ ਸੀ?
ਜਿਸ ਮੇਰੇ ਮੋਢੇ 'ਤੇ ਹੱਥ ਮਾਰਿਆ
ਫਿਰ.......
ਆਵਾਜ਼ ਆਈ, ਘਬਰਾ ਨਾ
ਅਸੀਂ ਤੇਰੇ ਨਾਲ ਹਾਂ,
ਅੱਜ.....
ਆਜ਼ਾਦ ਭਾਰਤ ਦੇ ਸੰਵਿਧਾਨ ਦਾ
ਜਨਮ ਦਿਨ ਐ ਨਾ।

ooo

## ਸਿਰ ਚਾਹੀਦਾ ਐ

ਉਹ!
ਮੁਸਕਰਉਂਦੀ ਹੋਈ ਬੋਲੀ
ਆਓ!
ਤੁਸੀਂ ਡਰਦੇ ਕਿਉਂ ਓਂ।
ਤੁਹਾਨੂੰ ਮੈਂ ਦਿੱਲੀ ਦੇ
ਸਬਜ਼ਬਾਗਾਂ ਦੀ ਸੈਰ ਕਰਾਵਾਂ
ਆਓ-
ਮੈਨੂੰ ਤਾਂ ਸਿਰਫ਼ ਤੁਹਾਡਾ
ਸਿਰ ਈ ਚਾਹੀਦਾ ਐ
ਜਿਹੜਾ ਮੇਰੇ ਸਾਹਮਣੇ
ਆਕੜ ਕੇ ਤੁਰਦਾ ਐ।
ਮੇਰੀ ਹੈਸੀਅਤ ਨੂੰ ਭੁੱਲਦਾ ਐ।
ਤੇ....ਮੇਰੇ ਉੱਤੇ ਜ਼ਹਿਰ ਉਗਲਦਾ ਐ।

ooo

## ਅਸੀਂ ਜੰਮੇ ਹਾਂ

ਅਸੀਂ ਜੰਮੇ ਹਾਂ
ਅਸਮਾਨ ਛੋਂਹਦੇ
ਹੌਕਿਆਂ ਦੀ ਲਾਟ ਵਿਚੋਂ
ਲੈ ਗ਼ਮਾਂ ਦੀ ਗੁੜਤੀ।
ਵਾ ਵਰੋਲੇ ਵਾਂਗ ਉਡਦੇ
ਅਰਮਾਨਾਂ ਦੀ ਡੋਰ ਫੜਦੇ
ਅਥਾਹ ਸਿਸਕੀਆਂ ਭਰਦੇ
ਸੁੱਕ ਗਿਆ ਸੀ ਮਾਂ ਦੀਆਂ
ਛਾਤੀਆਂ ਦਾ ਦੁੱਧ ਵੀ।
ਅਸੀਂ ਜੰਮੇ ਹਾਂ......
ਗਰੀਬੜਿਆਂ ਦੀ ਢੱਠੀ ਹੋਈ ਬਸਤੀ ਦੇ
ਕਿਰ ਕਿਰ ਪੈਂਦੇ ਲਿਉੜਾਂ ਵਾਲੇ
ਕੱਚੇ ਘੁਰਨਿਆਂ ਵਿਚੋਂ
ਜਿਥੇ ਰੇਗਸਥਾਨ  ਵਿਚ ਆਏ
ਭਿਅੰਕਰ ਤੂਫ਼ਾਨ ਵਾਂਗ ਨਿੱਤ
ਮਣਾਂ ਮੂੰਹੀ ਮਿੱਟੀ ਉਡਦੀ
ਖੁਸ਼ੀਆਂ ਖੇੜਿਆਂ ਦੀ ਥਾਂ
ਅਸਮਾਨ ਤੇ ਛਾਂਈਆਂ
ਕਾਲੀਆਂ ਘਟਾਵਾਂ ਵਾਂਗ
ਉਦਾਸੀ ਅੰਦਰ ਬਾਹਰ ਘੁੰਮਦੀ।
ਅਸੀਂ ਪਲੇ ਹਾਂ.....
ਨੰਗ ਧੜੰਗੇ ਜਿਸਮਾਂ ਨੂੰ
ਕਜਣ ਲਈ ਫਟੇ ਪੁਰਾਣੇ
ਚੀਥੜਿਆਂ ਨੂੰ ਤਰਸਦੇ
ਪੇਟ ਦੀ ਭੁੱਖ ਮਿਟਾਉਣ ਲਈ
ਸੁੱਕੀਆਂ, ਰੁੱਖੀਆਂ, ਮਿੱਸੀਆਂ
ਰੋਟੀਆਂ ਨੂੰ ਤਰਸਦੇ ਤਰਸਦੇ
ਧੁੱਪਾਂ, ਮੀਂਹਾਂ, ਪੌਣਾਂ, ਸ਼ੀਤਲੀਆਂ
ਕਾਲੀਆਂ, ਹਨ੍ਹੇਰੀਆਂ ਰਾਤਾਂ 'ਚ ਵੀ
ਕਹਿਰਾਂ ਦੇ ਝੱਖੜ ਝੱਲਦੇ।

ਅਸੀਂ ਪੜ੍ਹੇ ਹਾਂ
ਵੇਖ।
ਆਪਣੇ ਜਿਸਮ ਦਾ
ਲਹੂ ਪਸੀਨਾ ਇੱਕ ਕਰਕੇ
ਜਾਨ ਤੋੜਦੇ ਕਮਾਊ ਹੱਥਾਂ ਨਾਲ
ਹੁੰਦੀ ਸ਼ਰੇਆਮ ਕਾਣੀ ਵੰਡ
ਪੀਲੇ ਭੂਕ ਹੋਏ ਚਿਹਰੇ ਤੇ ਪਈਆਂ
ਅਣਗਿਣਤ ਝੁਰੜੀਆਂ ਵਿਚੋਂ
ਗਰੀਬਾਂ ਦੀ ਦੁੱਖਾਂ ਭਰੀ ਕਹਾਣੀ
ਕੱਖਾਂ ਕੰਡਿਆਂ ਕੰਕਰਾਂ ਨੂੰ ਆਪਣੀ ਬੁੱਕਲ 'ਚ ਸਮੇਟੀ
ਦਰਿਆ ਦੇ ਵਹਾ ਵਾਂਗ
ਨਿੱਤ ਬਹਿੰਦਾ ਮਾਂ ਦੀਆਂ ਅੱਖਾਂ ਦਾ ਖਾਰਾ ਪਾਣੀ
ਅਸੀਂ ਬਣੇ ਹਾਂ.....
ਸੁੱਕ ਕੇ ਤੀਲਾ ਹੋਏ
ਬਾਪੂ ਦੇ ਹੱਡੀਆਂ ਦੇ ਪਿੰਜਰ ਨੂੰ ਦੇਖ
ਜਿਸ ਨੂੰ ਮਿਲੀ ਲੋਹੜੇ ਦੀ ਕੰਗਾਲੀ
ਸਾਰੀ ਉਮਰ ਸਿਰਾਂ ਉਤੇ
ਢੋਹ ਢੋਹ ਵਿਹਲੜਾਂ ਦੀਆਂ ਵਗਾਰਾਂ
ਗਮਾਂ ਲੱਦੇ ਹੌਕਿਆਂ ਸੰਗ
ਧੁਆਂਖੀਆਂ ਸੱਧਰਾਂ ਦੇ
ਪਰਛਾਂਵੇਂ ਹੇਠ ਪਲਦਿਆਂ ਪਲਦਿਆਂ
ਕੱਚੀਆਂ ਧੂਣੀਆਂ ਵਾਂਗ
ਧੁਖਦੇ ਧੁਖਦੇ ਰੋਹ ਦੀਆਂ ਚਿਗਾਰਾਂ।

ooo

## ਕਾਇਰ

ਕਾਇਰ!
ਬਹੁਤ ਵਾਰ ਕੋਸ਼ਿਸ਼ ਕੀਤੀ ਐ ਤੂੰ
ਸਾਨੂੰ ਮਾਰਨ ਲਤਾੜਨ ਦਫਨਾਉਣ ਦੀ
ਆਪਣੇ ਕਾਲੇ ਕਾਰਨਾਮਿਆਂ ਨਾਲ
ਹੱਕੀ ਆਵਾਜ਼ ਨੂੰ ਚੁੱਪ ਕਰਾਉਣ ਦੀ
ਕਦੇ ਜਲ੍ਹਿਆਂ ਵਾਲੇ ਬਾਗ ਵਰਗੇ
ਹਿਰਦੇ ਵੇਦਕ ਖ਼ੂਨੀ ਕਾਂਡ ਰਚਾ ਕੇ।
ਕਦੇ ਅਣਖੀਲੀਆਂ ਰਗਾ 'ਚ
ਵਹਿੰਦੇ ਖ਼ੂਨ ਨੂੰ ਖਾਮੋਸ਼ ਕਰਨ ਲਈ
ਫਾਂਸੀ ਦੇ ਫੰਦਿਆਂ ਤੇ ਲਟਕਾ ਕੇ।
ਕਦੇ ਆਪਣੇ ਅਭਿਮਾਨ ਦੇ ਸਭੈਮਾਨ ਨੂੰ
ਬਰਕਰਾਰ ਰੱਖਣ ਲਈ ਅੱਤ ਹੋਸ਼ੇ ਵਾਰ ਚਲਾਕੇ

ਦੇਖ!
ਤੂੰ ਆਪਣੇ ਮਿਸ਼ਨ 'ਚ
ਹਰ ਵਾਰ ਫ਼ੇਲ੍ਹ ਹੋਇਆ ਏਂ......
ਚਾਨਣ ਵੰਡਦੇ ਮਘਦੇ ਸੂਰਜਾਂ ਨੂੰ ਕਤਲ ਕਰਾਕੇ।
ਬਾਰੂਦ ਦੀ ਅੰਨ੍ਹੀ ਖ਼ੁਮਾਰੀ 'ਚ ਮਦਹੋਸ਼
ਭੁੱਲ ਜਾਂਦਾ ਏ ਤੂੰ.......
ਕਿ ਤੋਪਾਂ ਦੇ ਮੂੰਹ ਘੁੰਮ ਜਾਂਦੇ ਹਨ।
ਲੋਕਾਂ ਦੀ ਤਾਕਤ ਅੱਗੇ ਝੁਕ ਜਾਂਦੇ ਹਨ॥

ooo

## ਆਜ਼ਾਦੀ

ਤਿੰਨਾਂ ਅੱਖਰਾਂ ਦਾ ਬਣਿਆ
ਸ਼ਬਦ ਅਜ਼ਾਦੀ ਉਦੋਂ
ਸੁਆਲੀਆ ਚਿੰਨ੍ਹ ਬਣ
ਅੱਗੇ ਆ ਖੜ੍ਹਿਆ-
ਕਿੱਥੇ ਹੈ ਆਜ਼ਾਦੀ?
ਕਿਸ ਨੂੰ ਹੈ ਆਜ਼ਾਦੀ??
ਜਦੋਂ-
ਭੁੱਖ ਦੀ ਸਤਾਈ ਹੋਈ
ਦੁੱਧ ਦੀ ਘੁੱਟ ਨੂੰ ਤਰਸਦੀ
ਹੱਥੋਂ ਨਿਕਲ ਨਿਕਲ ਜਾਂਦੀ
ਚੀਖਾਂ ਚੰਗਿਆੜਾਂ ਮਾਰਦੀ ਵਿਲਕਦੀ
ਢਿੱਡੋਂ ਭੁੱਖੀ ਮੌਤ ਕਿਨਾਰੇ ਪਈ
ਅਧਮੋਈ ਹੋਈ ਮਾਸੂਮ ਜਿਹੀ
ਅਣਭੋਲ ਜ਼ਿੰਦਗੀ ਨੂੰ ਵੇਖਿਆ।

ਜਿਗਰ ਦੇ ਟੁੱਕੜੇ ਨੂੰ ਝੋਲੀ ਲਟਕਾਈ
ਰੋਟੀ ਦੇ ਇੱਕ ਟੁਕੜੇ ਖਾਤਿਰ
ਸੜਕਾਂ ਤੇ ਰੋੜੀ ਕੁਟਦੀ
ਲਾਈਨਾਂ ਤੇ ਕੋਲੇ ਚੁਗਦੀ
ਮਸ਼ੀਨ ਨਾਲ ਮਸ਼ੀਨ ਬਣੀ
ਸੇਠਾਂ ਦੀਆਂ ਬਹੂਦੀਆਂ ਝਿੜਕਾਂ ਸਹਿੰਦੀ
ਬਾਬੂਆਂ, ਸਰਦਾਰਾਂ ਦੇ ਬੂਟ ਪਾਲਿਸ਼ ਕਰਦੀ
ਵੇਹਲੜਾਂ ਦੇ ਵੱਗ ਦਾ ਗੋਹਾ ਸੁੱਟਦੀ
ਚੰਦਰੇ ਸਮਾਜ ਵਲੋਂ ਸਤਾਈ ਹੋਈ
ਆਹਾਂ ਦੀ ਪੰਡ ਸਿਰ ਤੋਂ ਚੁੱਕੀ
ਵੱਟਾਂ ਵੰਨਿਆਂ ਤੇ ਘਾਹ ਖੋਤਦੀ
ਸੱਚੀ ਸੁੱਚੀ ਆਵਰੂ ਬਣ ਜੀਣਾ ਲੋਚਦੀ
ਚੌਧਰੀਆਂ ਦੀਆਂ ਵਹਿਸ਼ੀ ਨਜ਼ਰਾਂ ਦੀ
ਸ਼ਿਕਾਰ ਬਣੀ ਔਰਤ ਨੂੰ ਵੇਖਿਆ।

ਨਿੱਤ ਚੜ੍ਹਦੇ ਸੂਰਜ
ਆਸਾਂ ਉਮੀਦਾਂ ਦੀ ਭਾਰੀ ਪੰਡ
ਕ੍ਰਿਸ਼ਮਾਂ ਬਣ ਖਿਲਰਦੀ
ਪੰਥਰਾਈਆਂ ਅੱਖਾਂ ਨਾਲ ਤੱਕਦੀ
ਬੇਰੁਜ਼ਗਾਰੀ ਦੀ ਭੱਠੀ 'ਚ ਭੁੱਜਦੀ
ਹੱਥਾਂ 'ਚ ਡਿਗਰੀਆਂ ਫੜੀ ਦਿਨ ਰਾਤ
ਦਫ਼ਤਰਾਂ ਦੇ ਗੇੜੇ ਕੱਢਦੀ
ਅਫ਼ਸਰਾਂ ਦੇ ਗੋਡੇ ਘੁੱਟਦੀ
ਨਿਰਾਸ਼, ਉਦਾਸ, ਹਤਾਸ਼
ਆਪਣੇ ਆਪ ਨੂੰ ਕੋਸਦੀ
ਰੋਹ ਦੀਆਂ ਚਿੰਗਾਰਾਂ ਸੁੱਟਦੀ
ਗਲੀਆਂ ਸੜਕਾਂ ਬਾਜ਼ਾਰਾਂ ਪਿੰਡਾਂ
ਸ਼ਹਿਰਾਂ ਵਿਚ ਜਵਾਨੀ ਨੂੰ ਵੇਖਿਆ।

ਭੁੱਖ ਨੰਗ, ਜ਼ਬਰ ਜ਼ੁਲਮ
ਗਰੀਬੀ, ਕੰਗਾਲੀ, ਮੰਦਹਾਲੀ ਨੂੰ
ਆਪਣੇ ਹੱਡੀ ਹੰਢਾਉਂਦੀ
ਗੰਦ ਦੇ ਢੇਰ ਸਿਰਾਂ ਤੇ ਢੋਂਦੀ
ਨਰਕ ਭਰੀ ਜ਼ਿੰਦਗੀ ਬਤੀਤ ਕਰਦੀ
ਪੈਸੇ ਪੈਸੇ ਲਈ ਲੇਲੜੀਆਂ ਕੱਢਦੀ
ਸ਼ਾਹੂਕਾਰਾਂ ਦੇ ਪੈਰੀਂ ਪੱਗਾਂ ਧਰਦੀ
ਕੱਖਾਂ ਕਾਨਿਆਂ ਦੀਆਂ ਬਣੀਆਂ
ਟੱਪਰੀਆਂ 'ਚ ਧੱਕੇ ਧੇੜੇ ਖਾਂਦੀ ਰੁਲਦੀ
ਗਰੀਬ ਜਨਤਾ ਨੂੰ ਵੇਖਿਆ।

ਜਾਂ ਤਿੰਨਾਂ ਅੱਖਰਾਂ ਦਾ ਬਣਿਆ
'ਸ਼ਬਦ ਆਜ਼ਾਦੀ'
ਸੁਆਲੀਆ ਚਿੰਨ੍ਹ ਬਣ
ਅੱਗੇ ਆ ਖੜ੍ਹਿਆ–
ਕਿੱਥੇ ਹੈ ਆਜ਼ਾਦੀ?
ਕਿੱਥੇ ਹੈ ਆਜ਼ਾਦੀ??

੦੦੦

## ਇਹ ਜ਼ਿੰਦਗੀ

ਸੁਰਤ ਸੰਭਾਲਦਿਆਂ
ਚੱਤੋ ਪਹਿਰ ਫਿਕਰਾਂ 'ਚ ਡੁੱਬੀ
ਡੰਗ ਟਪਾਈ ਲਈ
ਚੌਂਹ ਪਾਸੀਂ ਹੱਥ ਪੱਲਾ ਮਾਰਦੀ
ਤੱਤੇ ਠੰਡੇ ਝੱਖੜ ਝੌਲੇ ਰਹੀ ਖਾਂਦੀ ਭਟਕਦੀ।
ਹਰ ਪਲ ਹੌਕੇ ਹਾਵੇ ਭਰਦੀ
ਤਿੱਖਿਆਂ ਕੰਡਿਆਂ ਦੀ ਪੀੜ ਸੀਨੇ ਜਰਦੀ
ਗੁਆਚੇ ਹਾਸੇ ਉਡੀ ਨੀਂਦਰ
ਨਿੱਤ ਕੋਲੋਂ ਦੀ ਲੰਘ ਜਾਵੇ ਫਰਾਟੇ ਮਾਰਦੀ
ਉੱਚੇ ਮਹਿਲੀਂ ਠੰਡੀ ਵਾ ਮਟਕਦੀ

ਵੱਟਾਂ ਬੰਨੇ ਖਰੋਚਦਿਆਂ
ਧਰਤੀ ਦੀਆਂ ਪਰਤਾਂ ਫੋਲਦਿਆਂ
ਕੱਚੀ ਕੋਠੜੀ ਦੀ ਛੱਤ ਵਿਚੋਂ
ਮਿੱਟੀ ਡਿੱਗਦੀ ਰਹੀ, ਡੱਕੇ ਲਮਕਦੇ ਰਹੇ
ਧੁਆਂਖੀ ਸਵਾਤ ਦੇ ਲਾਗੇ
ਦਿਨ ਦੀਵੀ ਪਿਆ ਰਿਹਾ ਹਨੇਰਾ
ਦਿਸੀ ਨਾ ਕਿਧਰੇ ਚਾਨਣ ਦੀ ਕਿਰਨ ਫਟਕਦੀ।
ਲੋਹੇ ਦਾ ਕਚਰਾ ਹੂੰਝਦਿਆਂ ਹੂੰਝਦਿਆਂ
ਹੋਏ ਹੱਥਾਂ ਪੈਰਾਂ ਦੇ ਲਫੜੇ ਲਫੜੇ
ਰੱਤ ਤਿੱਪ ਤਿੱਪ ਕਰ ਨੁੱਚੜੀ
ਢਲ ਗਈ ਜਿਸਮ ਦੀ ਚਰਬੀ
ਸੁਣ ਸੁਣ ਫੈਕਟਰੀ ਮਾਲਕ ਦੀਆਂ
ਝਿੜਕਾਂ ਲੱਦੀ ਆਵਾਜ਼ ਖਰਵੀ
ਜਾਨ ਜਾਵੇ ਗਲ ਅੰਦਰ ਹੀ ਅਟਕਦੀ।
ਚਿਮਨੀ ਦੇ ਧੂਏ ਨਾਲ ਗੱਚ ਹੋਇਆ
ਪਾਟਿਆ ਕੁੜ੍ਹਤਾ ਫੋਕੇ ਪਾਣੀ 'ਚ ਪਟਕਦੀ

ਚਿਤਵਦੀ ਅਧਸੋਈ ਆਤਮਾ ਅੰਦਰ
ਨਿਖਰੇ ਧੁੱਪ ਵਾਗਰਾਂ ਇਹ ਜਾਇਦਾਦ ਮੇਰੀ
ਘੜੀ ਮੁੜੀ ਚੁਧਿਆਈਆਂ ਅੱਖਾਂ ਨਾਲ ਤੱਕਦੀ
ਹੱਥਾਂ 'ਚ ਬੋਚ ਬੋਚ ਪਾਣੀ ਝਟਕਦੀ।

ਜ਼ੁਲਮ ਦੀ ਚੱਕੀ 'ਚ ਪਿਸਦਿਆਂ ਪਿਸਦਿਆਂ
ਟੁੱਕ ਰੋਟੀ ਲਈ ਤਰਸਦਿਆਂ ਤਰਸਦਿਆਂ
ਅਥਾਹ ਮੁਸ਼ਕਲਾਂ ਜਰਦਿਆਂ ਜਰਦਿਆਂ
ਇਨਸਾਫ਼ ਲਈ.........
ਇਨਸਾਫ ਘਰਾਂ ਦੇ ਬੂਹੇ ਖੜਕਾਉਂਦਿਆਂ
ਖੁਰੀਆਂ ਲੱਗੇ ਬੂਟਾਂ ਦੇ ਠੁੱਡੇ ਖਾਂਦਿਆਂ
ਆ ਪੁੱਜੀ ਇਹ ਜ਼ਿੰਦਗੀ ਰੀਂਗ ਰੀਂਗ ਦਿਨ ਕਟੀ ਕਰਦੀ
ਜੰਮਣ ਘੁੱਟੀ ਤੋਂ ਲੈ ਕੇ ਕਬਰਾਂ ਤਾਈਂ
ਪਲ ਭਰ ਵੀ ਨਾ ਹੋਈ ਅੱਖਾਂ ਉਹਲਿਓ
ਸਿਰ ਤੋਂ ਨੰਗੀ ਤਲਵਾਰ ਲਟਕਦੀ।
ਪੰਜਾਂ ਸਾਲਾਂ ਬਾਅਦ ਪਵੇ ਜਦੋਂ ਲੋੜ
ਪਰਚੀਆਂ ਤੇ ਮੋਹਰਾਂ ਲਵਾਉਣ ਦੀ
ਤਾਂ ਮੰਤਰੀਆਂ ਦੀ ਕਾਰ ਬੂਹੇ ਆ ਖਟਕਦੀ
ਇਸ ਤੋਂ ਬਿਨਾਂ ਉਨਾਂ ਨੂੰ ਲੋੜ ਨਾ ਕਿਸੇ ਦੀ
ਭਾਵੇਂ ਇਹ ਜ਼ਿੰਦਗੀ ਬਿਨ ਪਾਣੀਓਂ ਹੀ
ਮੱਛੀ ਵਾਂਗ ਰਹੇ ਸਦਾ ਤੜਫਦੀ।

ooo

## ਪਵਿੱਤਰ ਪੋਥੀ

ਇਹ ਹੈ....
ਮੇਰੇ ਖੁਸ਼ਹਾਲ ਦੇਸ਼ ਦੇ
ਸੰਵਿਧਾਨ ਦੀ ਪਵਿੱਤਰ ਪੋਥੀ।
ਜਿਸ ਦੇ ਅਰਥ ਬਹੁਤ ਡੂੰਘੇ ਹਨ
ਬਹੁਤ ਹੀ ਡੂੰਘੇ...........
ਇਨ੍ਹਾਂ ਅਰਥਾਂ ਨੂੰ ਉਹੀ ਲੋਕ ਜਾਣਦੇ ਹਨ
ਜੋ ਰੋਟੀ ਖਾਤਰ ਵੇਹਲੜ੍ਹਾਂ ਦੇ ਠੁੱਡੇ ਖਾਣ।
ਢੇਰਾਂ ਦੇ ਢੇਰ ਗੰਦ ਹੂੰਝਣ
ਛੱਪੜਾਂ, ਨਹਿਰਾਂ, ਸੜਕਾਂ ਦੇ ਕੰਢਿਆਂ,
ਚੁਰਾਹਿਆਂ ਤੇ ਨੰਗ ਧੜੰਗੇ ਸੌਣ
ਦੁਆਈ ਖੁਣੋ ਤੜਫਣ ਦੇ ਅਧਿਕਾਰਾਂ ਦਾ
ਪੂਰਾ ਪੂਰਾ ਆਨੰਦ ਮਾਣਦੇ ਹਨ।
ਕਿਉਂ ਕਿ.......
ਕਾਨੂੰਨ ਦੀਆਂ ਨਜ਼ਰਾਂ 'ਚ
ਸਭ ਇੱਕੋ ਜਿਹੇ ਹਨ
ਗਰੀਬ ਤੇ ਬੇਘਰੇ ਲੋਕ
ਸਭ ਨੂੰ ਜਿਊਣ ਦਾ ਹੱਕ ਹੈ
ਰੀਂਗਦੇ ਹੋਣ ਚਾਹੇ ਤੜਫਦੇ ਲੋਕ
ਕਿੰਨੀ ਚੰਗੀ ਹੈ?
ਮੇਰੇ ਖੁਸ਼ਹਾਲ ਦੇਸ਼ ਦੇ
ਸੰਵਿਧਾਨ ਦੀ......
ਇਹ ਪਵਿੱਤਰ ਪੋਥੀ।

ooo

## ਉਮਰ ਕੈਦ

ਜ਼ੁਰਮ ਦੀ ਸਜ਼ਾ ਸੁਣਾ
ਹੱਥੀਂ ਹੱਥਕੜੀਆਂ ਲਾ
ਪੈਰੀਂ ਬੇੜੀਆਂ ਪਾ
ਵਰ੍ਹਿਆਂ ਬੱਧੀਂ ਜੇਲ੍ਹ ਵਿਚ
ਸੁੱਟਣ ਦਾ ਅਰਥ ਹੀ
ਉਮਰ ਕੈਦ ਨਹੀਂ ਹੁੰਦਾ......।

ਸਗੋਂ......
ਇਸ ਲੁੱਟ ਖਸੁੱਟ ਗ੍ਰਸਤ
ਧਰਤੀ ਤੇ ਜਨਮ ਲੈਣ ਵਾਲਾ
ਸੱਚਾ ਸੁੱਚਾ, ਮੇਹਨਤੀ, ਇਮਾਨਦਾਰ
ਹਰ ਮਨੁੱਖ ਕੈਦੀ ਹੈ।

ਪਰ!
ਪਰ ਉਹ ਨਹੀਂ ਜਾਣਦਾ.....
ਕਿਹੜੀਆਂ ਕਿਹੜੀਆਂ ਧਰਾਵਾਂ ਅਧੀਨ
ਖੁੱਲੀ ਜੇਲ੍ਹ ਵਿਚ ਉਮਰ ਕੈਦ ਹੈ।

ooo

## ਤੁਸੀਂ ਚਾਹੁੰਦੇ ਹੋ

ਤੁਸੀਂ
ਤੁਸੀਂ ਚਾਹੁੰਦੇ ਹੋ.....
ਸਾਡੇ ਖ਼ੂਨ ਪਸੀਨੇ ਦੀ
ਕਿਰਤ ਕਮਾਈ ਨਾਲ
ਆਪਣੇ ਧੌਲਰਾਂ ਦੀ ਉਸਾਰੀ ਕਰਨਾ
ਹੈਂਕੜਮਈ ਚੌਧਰ ਨਾਲ
ਸਾਡੀਆਂ ਪਾਰਖੂ ਅੱਖਾਂ ਨੂੰ ਬੰਦ ਕਰਨਾ
ਤੁਸੀਂ ਚਾਹੁੰਦੇ ਹੋ......
ਹਰ ਮਿਹਨਤ ਕਸ਼
ਕੈਦੀ ਬਣਾਇਆ ਜਾਏ
ਵਿਛਾਅ ਗੁੰਝਲਦਾਰ ਜਾਲੇ,
ਲਗਾ ਉਨ੍ਹਾਂ ਦੇ ਮੂੰਹਾਂ ਨੂੰ ਵਜ਼ਨਦਾਰ ਤਾਲੇ।

ਤੇ ਤੁਸੀਂ ਚਾਹੁੰਦੇ ਹੋ......
ਅਸੀਂ ਬਣ ਰਹੀਏ
ਤੁਹਾਡੇ ਜਰ ਖਰੀਦ ਗੁਲਾਮ,
ਸਦਾ ਕਰਦੇ ਰਹੀਏ
ਤੁਹਾਡੇ ਕੁਕਰਮਾਂ ਨੂੰ ਸਲਾਮ।
ਤੁਸੀਂ ਤਾਂ ਚਾਹੁੰਦੇ ਹੋ....
ਹਰ ਗ਼ੈਰਤ ਮੰਦ ਨੂੰ
ਸਦਾ ਦੀ ਨੀਂਦ ਸੁਆਉਣਾ,
ਹੱਕ ਸੱਚ ਦੀ ਅਵਾਜ਼ ਨੂੰ
ਕਬਰਾਂ ਵਿਚ ਦਫਨਾਉਣਾ।

ਪਰ!
ਇਹ ਤੁਹਾਡਾ ਭਰਮ ਹੈ
ਸੱਚ ਦਾ ਸੂਰਜ ਹੋਰ ਉੱਚਾ ਚੜ੍ਹੇਗਾ,
ਜਿਸ ਦੀ ਤਪਸ਼ ਨਾਲ
ਤੁਹਾਡਾ ਨਕਾਬ ਪੋਸ਼ੀ ਚਿਹਰਾ ਸੜੇਗਾ।

ooo

## ਬਾਬਲਾ

ਬੰਨ੍ਹੇ ਖਲੋਤਾ ਬਾਬਲ ਰਹੌਂਸੇ
ਕਣਕਾਂ ਸਿੱਟੇ ਨਿੱਸਰ ਗਏ
ਪਰ! ਗੜ੍ਹਿਆਂ ਐਸੀਂ ਛਹਿਬਰ ਲਾਈ
ਸੁਪਨੇ ਸਾਰੇ ਵਿਸਰ ਗਏ।

ਮੂਧੇ ਮੂੰਹ ਬਾਬਲ ਬਹਿ ਗਿਆ
ਇਹ ਕੀ ਭਾਣਾ ਵਰਤਿਆ
ਕੀਕਣ ਜਰੂ ਮੈਂ ਬਾਲ ਵਿਲਕਦੇ
ਲਗਦੈ ਜਿਉਂ ਅਜ ਜੁੱਗ ਪਲਟਿਆ।

ਚੜ੍ਹਦੇ ਸੂਰਜ ਨਿੱਤ ਦੇਹਲੀ 'ਤੇ
ਸ਼ਾਹ ਆਣ ਖੰਘੂਰੇ ਮਾਰੇ
ਮੇਰਾ ਬਣਦਾ ਹੁਣ ਨਾ ਮੁੜਿਆ
ਤਾਂ ਦਿਨੇ ਦਿਖਾਊਂ ਤਾਰੇ।

ਨਿਕਲਿਆ ਨਾ ਕਦੇ ਘੁੰਮਣ ਘੇਰੀ 'ਚੋਂ
ਕਦੇ ਗੜ੍ਹੇ ਕਦੇ ਸ਼ਾਹਾਂ ਦਾ ਕਰਜਾ
ਕਹਾਉਂਦਾ ਉਹ ਅੰਨਦਾਤਾ
ਫਿਰ ਵੀ ਭੁੱਖਣ ਭਾਣੇ ਮਰਦਾ।

ਉੱਠ ਬਾਬਲਾ ਮੇਰੇ ਬਾਬਲਾ
ਤੂੰ ਐਂ ਕਿਉਂ ਢੇਰੀ ਢਾਈ
ਕਿਰਤ ਚੁਰੇਂਦੇ ਚੋਰਾਂ ਫੜ੍ਹ ਬੰਨੀਏ
ਵਸੂਲ ਲਈਏ ਫਿਰ ਪਾਈ ਪਾਈ।

ooo

## ਇਕ ਤਸਵੀਰ

ਮਸਾਂ ਇਕ ਅੱਧ ਬੁਰਕੀ ਲੰਘਾਉਂਦੇ
ਗ਼ਰੀਬ ਮਰੀਜ਼ ਦੀਆਂ ਤਰਲਾਮਈ ਅੱਖਾਂ
ਜਨਮ ਦਾਤਾ ਸਮਾਨ ਡਾਕਟਰ ਪਾਸੋਂ।
ਜਾਨ ਸਲਾਮਤੀ ਦੀ ਖ਼ੈਰ ਮੰਗਦੀਆਂ ਹਨ।
ਪਰ......

ਡਾਕਟਰ ਸਾਹਬ ਦੀਆਂ....
ਪੈਸੇ 'ਚ ਨਸ਼ਿਆਈਆਂ ਅੱਖਾਂ
ਗ਼ਰੀਬ ਮਰੀਜ਼ ਦੀ ਜੇਬ ਦਾ ਭਾਰ
ਮਾਪਦੀਆਂ ਹਨ।

ਸਵੇਰ ਤੋਂ ਸ਼ਾਮ ਤੱਕ
ਜੂਠੇ ਭਾਂਡਿਆਂ ਦੇ ਢੇਰਾਂ ਦੇ ਢੇਰ
ਹੱਥਾਂ 'ਚੋਂ ਕੱਢਦਾ ਮਜ਼ਬੂਰ ਨਾ ਬਾਲਗ
ਜਦੋਂ-

ਆਪਣੀ ਭੁੱਖ ਮਿਟਾਉਣ ਦੀ ਲੋਚਦਾ ਹੈ।
ਤਾਂ ਹੋਟਲ ਮਾਲਕ ਵੱਲੋਂ-
ਦੋ ਰੋਟੀਆਂ ਦੇ ਨਾਲ ਨਾਲ ਇਕ ਟੋਕਰਾ
ਝਿੜਕਾਂ ਖਾਣ ਨੂੰ ਮਿਲਦਾ ਹੈ।

ਏਅਰ ਕੰਡੀਸ਼ਨ ਦਫ਼ਤਰ 'ਚ
ਪਹੀਆਂ ਲੱਗੀ ਕੁਰਸੀ ਤੇ ਬੈਠਾ
ਫਾਈਲਾਂ ਚੈਕ ਕਰਦਾ ਚੀਫ ਅਫ਼ਸਰ।
ਮਜ਼ਦੂਰਾਂ ਦੇ ਪਿੰਡ ਨੂੰ-
ਲੂਸਦੀ ਜਾਂਦੀ ਜੇਠ ਹਾੜ੍ਹ ਦੀ
ਵਗਦੀ ਤੱਤੀ ਲੂ ਨੂੰ ਵੀ
ਠੰਡੀ ਵਾਅ ਦੇ ਬੁਲੇ ਹੀ ਮਹਿਸੂਸ ਹੈ।

ਚੋਰਾਂ ਨੂੰ ਫੜਨ ਲਈ
ਚੋਰਾਂ ਪਾਈ ਹਾਲ ਦੁਹਾਈ
ਔਹ ਲੈ ਗਿਆ-

ਲੁੱਟ ਕੇ ਮਾਲ ਖ਼ਜ਼ਾਨਾ
ਫੜਿਓ–
ਫੜਿਓ ਰਲ ਮਿਲ ਸਾਰੇ ਭਾਈ
ਸੌਂਹ ਖਾਂਦੇ ਹਾਂ–
ਸੌਂਹ ਖਾਂਦੇ ਹਾਂ ਅਸੀਂ ਤੁਹਾਡੀ
ਇਹ ਖ਼ਜ਼ਾਨਾਂ ਵੰਡਾਂਗੇ
ਵੰਡਾਂਗੇ ਆਪੋ ਵਿਚ ਅਸੀਂ
ਇਸੇ ਵਿਚ ਹੈ ਲੋਕ ਭਲਾਈ।
ਫੜਿਓ ਫੜਿਓ ਰਲ ਮਿਲ
ਤੁਸੀਂ ਸਾਰੇ ਭਾਈ।

ਇਹ ਆਜ਼ਾਦ ਹਿੰਦੋਸਤਾਨ ਦਾ
ਅਜ਼ਾਦ ਤੇ ਸ਼ੁੱਧ ਇਨਸਾਫ਼ ਘਰ ਹੈ
ਇਥੇ ਹਰ ਤਰ੍ਹਾਂ ਦੇ–
ਗੁਨਾਹਗਾਰ ਨੂੰ ਕੋਰੜਿਆ ਤੋਂ ਲੈ ਕੇ
ਫਾਂਸੀ ਤੱਕ ਦੀ ਸਖਤ ਤੋਂ ਸਖਤ
ਸਜ਼ਾ ਅਵੱਸ਼ ਮਿਲਦੀ ਹੈ
ਬਸ਼ਰਤੇ ਕਿ ਉਹ–
ਬਸ਼ਰਤੇ ਕਿ ਉਹ
ਬਸ਼ਰਤੇ ਕਿ ਉਹ–
ਬਸ਼ਰਤੇ ਕਿ ਉਹ ਸੱਚੀ ਮੁੱਚੀ ਦਾ
ਗੁਨਾਹ ਗਾਰ ਨਾ ਹੋਵੇ।

੦੦੦

## ਨਵਾਂ ਸਾਲ ਮੁਬਾਰਕ ਬਾਦ

ਪਿਛਲੇ ਸਾਲ ਨੂੰ
ਆਪਣੀ ਬੁੱਕਲ 'ਚ ਸਮੇਟ
ਚੜ੍ਹ ਆਇਆ ਹੈ
ਨਵਾਂ ਸਾਲ!
ਪਰ!
ਉਸੇ ਤਰ੍ਹਾਂ ਹੈ
ਚਾਰੇ ਪਾਸੇ ਵਗ੍ਹਾ ਰਹੀ
ਚੰਦਰੀ ਵਾ
ਜ਼ਹਿਰ ਘੁਲੀ ਨਫ਼ਰਤ ਮਿਲੀ
ਬੇਗੁਨਾਹਾਂ ਦੀਆਂ ਲਾਸ਼ਾਂ ਦੇ
ਲਟ ਲਟ ਬਲ ਰਹੇ ਸਿਵੇ।
ਟੁੱਟਦੇ ਚੂੜਿਆਂ ਦੀ ਹਹਾਕਾਰ
ਵਿਧਵਾਵਾਂ ਦੀਆਂ ਚੀਖਾਂ
ਬਾਲਾਂ ਦੀਆਂ ਸਿਸਕੀਆਂ।

ਉਸੇ ਤਰ੍ਹਾਂ ਹੈ
ਮਮਤਾ ਦੀ ਕੁਰਲਾਹਟ
ਅੱਲ੍ਹੇ ਜ਼ਖ਼ਮਾਂ ਦੀ
ਚੀਸ ਨਾਲ ਕਰਾਹ ਰਹੀ
ਬੁੱਢੀ ਮਾਂ ਦੇ ਲਹੂ ਭਿੱਜੇ ਵੈਣ।
ਉਸੇ ਤਰ੍ਹਾਂ ਹੈ
ਮਨੁੱਖੀ ਖ਼ੂਨ ਦੇ ਪਿਆਸੇ
ਖੰਜਰ, ਤ੍ਰਿਸ਼ੂਲ, ਬਰਛੇ, ਤਲਵਾਰਾਂ
ਲਹੂ 'ਚ ਲਥ ਪਥ ਹੋ ਰਹੀਆਂ
ਜ਼ਿੰਦਗੀ ਜਿਊਣ ਦੀਆਂ ਸਧਰਾਂ
ਖ਼ੂੰਖਾਰ ਬਘਿਆੜਾਂ ਦੀ ਹਵਸ ਦਾ
ਸ਼ਿਕਾਰ ਹੋ ਰਹੀਆਂ ਅਲੜ੍ਹ ਮੁਟਿਆਰਾਂ।

ਉਸੇ ਤਰ੍ਹਾਂ ਹੈ
ਸੁੰਨੇ ਵਿਹੜਿਆਂ 'ਚ ਪਸਰੀ
ਮੌਤ ਵਰਗੀ ਖਾਮੋਸ਼ੀ

ਸਹਿਮ 'ਚ ਸਹਿਕਦਾ ਹਰ ਪਲ
ਭੈ ਭੀਤ ਹੋਈਆਂ ਨਿਗਾਹਾਂ
ਉਦਾਸੇ ਮੁਰਝਾਏ ਚਿਹਰੇ
ਆਪਣੇ ਹੀ ਘਰ ਦੇ ਖੂੰਜੇ ਲੱਗਿਆ
ਤਰਾਹ ਤਰਾਹ ਕਰਦਾ ਮਨੁੱਖੀ ਜੀਵਨ
ਸੁਲੱਖਣੀ ਹਵਾ ਦੇ ਚੱਲਣ ਤੱਕ।

ਆਓ
ਨਵੇਂ ਵਰ੍ਹੇ ਦੀ ਹਵਾ ਦਾ ਰੁੱਖ
ਨਵੇਂ ਖਿਆਲਾਂ 'ਚ ਬਦਲੀਏ
ਤੇ ਫੇਰ-
ਨਵੀਆਂ ਉਮੰਗਾਂ ਨਾਲ ਆਖੀਏ
ਨਵਾਂ ਸਾਲ ਮੁਬਾਰਕ!
ਨਵਾਂ ਸਾਲ ਮੁਬਾਰਕ ਬਾਦ!!

000

## ਸੋਨੇ ਦੀਏ ਚਿੜੀਏ

ਸੋਨੇ ਦੀਏ 'ਚਿੜੀਏ'
ਤਰਾ ਇਹ ਹਾਲ
ਕਿਸ ਬਣਾਇਆ ?
ਨਿਰਮਲ ਠੰਡੇ ਮਿੱਠੇ
ਪਾਣੀ 'ਚ ਜ਼ਹਿਰ
ਕਿਸ ਮਿਲਾਇਆ ?
ਸੀਨਾ ਛਲਣੀ ਕਰ
ਆਂਦਰਾਂ ਨੂੰ ਜ਼ਖਮੀ
ਕਿਸ ਬਣਾਇਆ ?
ਹੱਸਦਾ ਖੇਡਦਾ ਤੇਰਾ ਵਜ਼ੂਦ
ਹਸੂੰ ਹਸੂੰ ਕਰਦਾ ਚਿਹਰਾ
ਕਿਸ ਮੁਰਝਾਇਆ ?
ਨਿੱਘ ਵਰਤਾਉਂਦੀ
ਬੁੱਕਲ 'ਚੋਂ
ਸੁੱਖ ਚੈਨ
ਕਿਸ ਚੁਰਾਇਆ ?
ਮਾਂ ਵਰਗੀ ਠੰਡੀ ਛਾਂ ਦਿੰਦੇ
ਤੇਰੇ ਪਰਾਂ ਨੂੰ
ਕਿਸ ਕਟਵਾਇਆ ?
ਮਾਸੂਮ ਨਿਰਦੋਸ਼
ਲੋਕਾਂ ਤੇ ਕਹਿਰ
ਕਿਸ ਵਰ੍ਹਾਇਆ ?
ਹੀਰੇ ਮੋਤੀਆਂ ਨਾਲ
ਭਰਿਆ ਘਰ ਬਾਰ ਤੇਰਾ
ਕਿਸ ਲੁਟਾਇਆ ?
ਐ ਸੋਨੇ ਦੀਏ 'ਚਿੜੀਏ'
ਤੈਨੂੰ ਆਪਣਾ ਹੀ ਘਰ
ਕਿਉਂ ਲੱਗੇ ਪਰਾਇਆ ?
ਕਿਉਂ ਲੱਗੇ ਪਰਾਇਆ ? ?

ooo

## ਇਹ ਧਰਤੀ ਮੇਹਨਤੀ ਲੋਕਾਂ ਦੀ

ਸੁਣੋ, ਸੁਣੋ, ਸੁਣੋ......
ਸਿਰ ਤੋਂ ਬਿਨ੍ਹਾ
ਧੜ ਨੇ ਐਲਾਨ ਕੀਤਾ
ਸੁਣੋ, ਸੁਣੋ, ਸੁਣੋ.....
ਹੁਕਮ ਖਾੜਕੂਆਂ ਦਾ
ਫੁਰਮਾਨ ਜੁਝਾਰੂਆਂ ਦਾ
ਕੁੜੀਆਂ, ਮੁੰਡੇ, ਬੁੱਢੇ,
ਬੱਚੇ ਸਭ ਜੁਆਨ
ਅੰਮ੍ਰਿਤ ਛੱਕੋ।
ਸਿੱਖੀ ਅਸੂਲਾਂ ਮੁਤਾਬਕ
ਆਪਣੇ ਬਾਣੇ ਰੱਖੋ॥
ਕੁੜੀਆਂ ਸਿਰ ਢਕ ਕੇ ਰੱਖਣ
ਮੁੰਡੇ ਪਟਕੇ ਬੰਨ੍ਹ ਕੇ ਰੱਖਣ
ਸਾੜ੍ਹੀ ਬਿੰਦੀ ਲਾਉਣੀ ਬੰਦ
ਸਿਗਰਟ ਬੀੜ੍ਹੀ ਧਖਾਉਣੀ ਬੰਦ
ਸੁਣੋ, ਸੁਣੋ, ਸੁਣੋ........
ਕੰਨ੍ਹ ਖੋਲ੍ਹ ਕੇ ਸੁਣੋ......
ਜੇ ਇਸ ਧਰਤੀ ਤੇ ਰਹਿਣਾ ਹੋਏਗਾ।
ਤਾਂ ਸਾਡੀ ਰਜ਼ਾ ਵਿਚ, ਰਹਿਣਾ ਪਵੇਗਾ
ਹੁਕਮ ਖਾੜਕੂਆਂ ਦਾ
ਫੁਰਮਾਨ ਜੁਝਾਰੂਆਂ ਦਾ
ਸਿਰ ਤੋਂ ਬਿਨ੍ਹਾਂ
ਧੜ ਨੇ ਐਲਾਨ ਕੀਤਾ
ਸਰਕਾਰੀ ਮਸ਼ੀਨਰੀਆਂ ਨੇ ਪ੍ਰਵਾਨ ਕੀਤਾ
ਨਿਰਦੋਸ਼ਾਂ ਦੇ ਲਹੂ ਦੇ ਤਿਹਾਏ
ਆਦਮ ਖਾਣਿਆਂ ਤੋਂ ਜੁਝਾਰ ਬਣਾਏ
ਖੋਖਲਿਆਂ ਧੜਾਂ ਅੱਗੇ ਸਿਰ ਝੁਕਾਏ
ਸਾਮਰਾਜੀ ਏਜੰਟ ਸਿਰਾਂ ਤੇ ਬਿਠਾਏ

ਅਖੋਤੀ ਸਿੰਘਾਂ ਹੋਰ ਮੂੰਹ ਖੋਲ੍ਹੇ
ਗੁਰੂ ਦੇ ਸਿੰਘ ਕਦੇ ਨਾ ਡੋਲੇ
ਜੇ ਕਿਸੇ ਸਾਡੇ ਵਿਰੁੱਧ ਜੁਬਾਨ ਚਲਾਈ
ਜੁਬਾਨਾਂ ਨੂੰ ਕੱਢ ਦਿਆਂਗੇ
ਕਲਮਾਂ ਨੂੰ ਕੱਟ ਦਿਆਂਗੇ
ਹੁਕਮ ਖਾੜਕੂਆਂ ਦਾ
ਫੁਰਮਾਨ ਜੁਝਾਰੂਆ ਦਾ
ਸਿਰ ਤੋਂ ਬਿਨਾਂ
ਧੜ ਨੇ ਐਲਾਨ ਕੀਤਾ
ਅਣਖੀਲੀਆਂ ਕਲਮਾਂ  ਕਬੂਲ ਕੀਤਾ
ਸੱਚ ਦੀ ਸਿਆਹੀ ਸੁਕਣੀ ਨਹੀਂ
ਸੱਚ ਲਿਖਣੋ ਕਦੇ ਰੁਕਣੀ ਨਹੀਂ
ਸੰਤਾਲੀਆਂ ਨਾਲ ਟੁੱਟਣੀ ਨਹੀਂ
ਵਿਦੇਸ਼ੀ ਇਸ਼ਾਰਿਆਂ ਤੇ ਚਲਦਾ
ਕਦੇ ਵੀ ਖੋਹ ਨਹੀਂ ਸਕਦਾ
ਬੰਬਾਂ ਬੰਦੂਕਾਂ ਦਾ ਹੰਕਾਰ
ਲੋਕਾਂ ਦਾ ਸਭਿਆਚਾਰ
ਇਹ ਧਰਤੀ ਮਿਹਨਤੀ ਲੋਕਾਂ ਦੀ
ਨਹੀਂ ਲਹੂ ਪੀਣੀਆਂ ਜੋਕਾਂ ਦੀ

ooo

## ਤੇ ਅਸੀਂ

ਬਰਫ਼ ਦੇ ਟੁਕੜੇ ਨਹੀਂ
ਜੋ ਖੁਰ  ਜਾਵਾਂਗੇ, ਥੋੜੀ ਜਿਹੀ ਧੁੱਪ ਲੱਗਣ ਨਾਲ।
ਵਹਿ ਜਾਵਾਂਗੇ ਪਲਾਂ 'ਚ ਹੀ ਹਵਾ ਦੇ ਵਗਣ ਨਾਲ।
ਤੇ ਅਸੀਂ........
ਕੱਚ ਦੀਆਂ ਚੂੜੀਆਂ ਨਹੀਂ
ਜੋ ਛਣਕਾਉਣ 'ਤੇ ਟੁੱਟ ਜਾਣਗੀਆਂ।
ਤੇ ਅਸੀਂ
ਨਾ ਹੀ ਮਿੱਟੀ ਦੇ ਖਿਡਾਉਣੇ ਹਾਂ
ਜੋ ਮੀਂਹ ਪੈਣ ਤੇ ਖੁਰ ਜਾਣਗੇ
ਆਪਣੀ ਹੋਂਦ ਨੂੰ ਖਤਮ ਕਰਦੇ ਮੁੱਕ ਜਾਣਗੇ।
ਤੇ ਅਸੀਂ ਤਾਂ.........
ਦਰਿਆਵਾਂ ਦੇ ਕੰਢਿਆਂ ਤੇ ਖੜ੍ਹੇ
ਬੇਜਾਨ ਰੁੱਖੜੇ ਵੀ ਨਹੀਂ
ਜੋ ਫੁੱਲ, ਪੱਤੀਆਂ, ਜੜ੍ਹਾਂ ਟਾਹਣੀਆਂ
ਸਮੇਤ ਰੁੜ੍ਹ ਜਾਵਾਂਗੇ।
ਦਰਿਆ ਦੇ ਵਹਾ ਦੇ ਜੋਰ ਨਾਲ॥
ਤੇ ਅਸੀਂ ਤਾਂ.....
ਇਤਿਹਾਸ ਦਾ ਉਹ ਪੰਨਾ ਹਾਂ
ਜੋ ਹਨੇਰੀਆਂ ਰਾਤਾਂ 'ਚ ਵੀ
ਪੁੰਨਿਆ ਦੇ ਚੰਨ ਵਾਂਗ
ਹਮੇਸ਼ਾਂ ਚਮਕਦਾ ਰਹੇਗਾ।
ਜਬਰ ਜੁਲਮ ਖਿਲਾਫ਼
ਡੱਟ ਕੇ ਖੜ੍ਹਦਾ ਰਹੇਗਾ।

ooo

## ਮਸ਼ਾਲ

ਰਾਮ! ਰਾਮ! ਰਾਮ!!!
ਹੇ! ਮੇਰੇ ਕ੍ਰਿਸ਼ਨ ਦਿਆਲ।
ਹੇ! ਸ਼ਿਵ ਸ਼ੰਕਰ ਭੋਲੇ ਭੰਡਾਰੀ
ਮੈਂ ਵਾਰੀ ਜਾਵਾਂ.......
ਮੈਂ ਬਲਿਹਾਰੀ ਜਾਵਾਂ.....
ਬੱਸ!
ਤੂੰ ਈ ਐਂ ਐਸ ਵੇਲੇ......
ਆਪਣਾ ਹੱਥ ਦੇ ਕੇ ਰੱਖਣ ਵਾਲਾ
ਨਿਮਾਣਿਆ, ਨਿਤਾਣਿਆ, ਨਿਆਸਰਿਆ
ਤੇ ਅਪਾਰ ਕ੍ਰਿਪਾ ਕਰਨ ਵਾਲਾ।
ਹੇ! ਮੇਰੇ ਪ੍ਰਭੂ ਪ੍ਰਮੇਸ਼ਵਰ!
ਦਹਿਲੀਜ਼ਾਂ 'ਚੋਂ ਖਲੋਤੀ 'ਰਾਮ ਆਸਰੀ'
ਇੱਕੋ ਸਾਹੇ ਸੱਭ ਕੁੱਝ ਕਹਿ ਗਈ।

ਅਜੇ ਤੱਕ ਵੀ
ਉਸ ਨੇ ਆਪਣੇ ਕੰਨ੍ਹਾਂ 'ਚ
ਉਂਗਲੀਆਂ ਦੇ ਰੱਖੀਆਂ ਸਨ
ਲਾਗੇ ਕੋਈ ਚਾਲੀ ਕੁ ਦੁਕਾਨਾਂ
ਬੁਰੀ ਤਰ੍ਹਾਂ ਤਬਾਹ ਹੋ ਚੁੱਕੀਆਂ ਸਨ
ਅਨੇਕਾਂ ਘਰਾਂ ਦੇ ਬੂਹੇ ਬਾਰੀਆਂ ਤੇ ਹੋਰ ਵਸਤਾਂ
ਕਿਰਚਾ ਕਿਰਚਾ ਹੋ ਉਡ ਪੁਡ ਚੁੱਕੀਆਂ ਸਨ
ਉੱਚੀ ਉੱਚੀ ਚੀਖਾਂ ਚੰਗਿਆੜਾਂ ਦਾ ਪੈਂਦਾ
ਸ਼ੋਰ ਵੀ ਖ਼ਾਮੋਸ਼ ਹੋ ਗਿਆ ਸੀ
ਚੁਫੇਰੇ ਦਹਿਸ਼ਤ ਦੰਦੀਆਂ ਚਿੜਾਉਂਦੀ
ਖਿੜ ਖਿੜਾ ਕੇ ਠਹਾਕੇ ਲਗਾ ਰਹੀ ਸੀ।

ਜਾਂ ਫਿਰ........
ਧਰਤੀ ਦੀ ਹਿੱਕ ਨੂੰ ਲਾਲੋ ਲਾਲ ਕਰਦਾ
ਨਿਹੱਥਿਆਂ ਦਾ ਡੁਲਿਆ ਲਹੂ ਸੀ।

ਜਿਸ ਦਾ......
ਨਾ ਕੋਈ ਮਜ਼੍ਹਬ ਸੀ
ਨਾ ਕੋਈ ਦੇਸ ਸੀ
ਨਾ ਕੋਈ ਕੌਮ ਸੀ

ਉਹ ਤਾਂ......
ਲਹੂ ਸੀ ਨਿਰਦੋਸ਼ਾਂ ਦਾ ਲਹੂ
ਗੰਭੀਰ ਜ਼ਖ਼ਮੀ ਹੋਈ 'ਰਾਮ ਆਸਰੀ'
ਜਿਸਦਾ ਪ੍ਰਭੂ ਪ੍ਰਮੇਸ਼ਵਰ......
ਕਿਤੇ ਦੂਰ ਦੁਰਾਡੇ ਜਾਂ ਝਾੜੀਆਂ ਉਹਲੇ
ਲੁਕ ਕੇ ਬੈਠ ਗਿਆ ਜਾਪਦਾ ਸੀ
ਸ਼ਕਤੀਸ਼ਾਲੀ ਬੰਬ ਧਮਾਕੇ ਦੀ ਆਵਾਜ਼ ਸੁਣ
ਅੱਖੋਂ ਪੂਰੀ ਤਰ੍ਹਾਂ ਅੰਨ੍ਹਾਂ ਤੇ ਕੰਨੋ ਬੋਲਾ
ਹੋ ਗਿਆ ਜਾਪਦਾ ਸੀ
ਉਸ ਕੋਲੋਂ ਅਜੇ ਤੱਕ ਵੀ.......
ਅੱਖਾਂ ਮੁੰਦ ਪਰਿਵਾਰ ਸਲਾਮਤੀ ਦੀ
ਭਿਖਿਆ ਮੰਗ ਰਹੀ ਸੀ।

ਵਾਪਰੇ ਦੁਖਾਂਤ ਦੀ ਖਬਰ ਸੁਣਦਿਆਂ
ਸੁਰੱਖਿਆ ਅਮਲੇ ਫੈਲੇ ਨਾਲ ਲੈੱਸ
ਸਰਕਾਰੀ ਅਧਿਕਾਰੀ ਮੌਕੇ ਤੇ ਪੁੱਜੇ।
ਵਿਸਫੋਟ
ਭਿਅੰਕਰ ਵਿਸਫੋਟ!!
ਆਪੋ ਵਿਚ ਗਿੱਟ ਮਿੱਟ ਕਰਕੇ
ਧੂੜਾਂ ਪੁੱਟਦੀਆਂ.....
ਗੂੰਜਾਂ ਪਾਉਂਦੀਆਂ.....
ਕਾਰਾਂ ਆਪੋ ਆਪਣੇ ਰਾਹ ਪੈ ਗਈਆਂ।
ਇਸ ਬੰਬ ਧਮਾਕੇ 'ਚ.....
ਰਾਮ ਆਸਰੀ ਦਾ ਸਾਰਾ ਪਰਿਵਾਰ
ਢਹਿ ਢੇਰੀ ਹੋ ਚੁੱਕਿਆ ਸੀ
ਹੁਣ ਉਸ ਕੋਲ......
ਕਿਸੇ ਪ੍ਰਭੂ ਅੱਗੇ.....
ਪਰਿਵਾਰ ਸਲਾਮਤੀ ਦਾ ਤਰਲਾ ਨਹੀਂ ਸੀ
ਤੇ ਨਾ ਹੀ ਕਿਸੇ ਸਰਕਾਰੀ ਅਧਿਕਾਰੀ ਦੇ
ਮੂੰਹੋ ਝੂਠੀ ਹਮਦਰਦੀ ਦੇ
ਬੋਲ ਸੁਣਨ ਦੀ ਵਿਹਲ ਸੀ।
ਹੁਣ ਤਾਂ.....
ਉਸ ਕੋਲ....
ਝੁੱਲ ਰਹੇ ਖੂੰਨੀ ਝੱਖੜਾਂ ਖਿਲਾਫ
ਉਗਮਿਆਂ ਇੱਕ ਜਜ਼ਬਾ ਸੀ
ਅੱਗੇ ਵਧਦੇ ਹੋਏ ਕਦਮ
ਹੱਥ 'ਚ ਜਗਦੀ ਮਸ਼ਾਲ ਸੀ।

000

## ਅੰਤਾਂ ਦਾ ਸੋਗ

ਅਸੀਂ ਭਾੜੇ ਦੇ ਸਰੋਤੇ ਨਹੀਂ
ਜੋ.........
ਬਿਨ੍ਹਾਂ ਸੋਚ ਸਮਝੇ ਬੁੱਤ ਬਣੀ
ਨੰਗ ਧੜੰਗੇ ਢਿੱਡੋਂ ਭੁੱਖਣ ਭਾਣੇ
ਆਂਦਰਾਂ ਨੂੰ ਲਾਰਿਆ ਦਾ ਧਰਵਾਸ ਦੇ
ਅੱਖਾਂ ਬੰਦ ਕਰੀ ਚੁੱਪ ਚਾਪ
ਸੁਣਦੇ ਹੀ ਰਹਾਂਗੇ।

ਉਹੀ......
ਘਸੇ ਪਿਟੇ ਫਰੇਬ ਭਰੇ
ਚੀਥੜੇ ਚੀਥੜੇ ਹੋ ਚੁੱਕੇ
ਦਹਾਕਿਆਂ ਪੁਰਾਣੇ ਸੋਸ਼ੇ
ਉਪਰੋਂ ਲਿਸ਼ਕਾਏ ਵਿੱਚੋਂ ਖੋਖੇ।
ਮਰ ਚੁੱਕਿਆਂ ਦੇ........
ਬੁੱਤਾਂ ਤੇ ਹਾਰ ਪਾਉਂਦਿਆਂ
ਗਰੀਬ ਜਨਤਾ ਨੂੰ ਗੂਠੇ ਦਿਖਾਉਂਦੀ
ਖਚਰੇ ਹਾਸੇ ਤੇ ਤਾੜੀਆਂ ਦੀ ਪੈਂਦੀ ਗੂੰਜ।

ਕਾਲੀ ਰਾਤ ਦੇ ਘੁੱਪ ਹਨੇਰੇ 'ਚ
ਦਫਨ ਹੁੰਦੀ ਆਵਰੂ
ਫਿਜਾ 'ਚ ਗੂੰਜਦੀ
ਮਮਤਾ ਦੀ ਚਿੱਥ ਪੁਕਾਰ
ਭੁੱਖ ਨੰਗ ਨਾਲ ਘੁਲਦੀ ਲੋਕਾਈ
ਮਾਰਦੀ ਚਿੰਤਾ ਤੇ ਚਿਤਾ ਵਿਚਕਾਰ
ਨਿਰਦੋਸ਼ ਵਿਛ ਰਹੀਆਂ ਲਾਸ਼ਾਂ
ਬਲਦੇ ਸਿਵਿਆਂ ਨੂੰ
ਅਣਡਿੱਠ ਕਰਦਿਆਂ......
"ਲੋਕੋਂ ਤੁਸੀਂ ਆਜ਼ਾਦ ਹੋ।"
ਸਾਡੇ ਵਿਹੜਿਆਂ 'ਚ ਤਾਂ
ਆਜ਼ਾਦੀ ਨਹੀਂ
ਸੋਗ ਹੈ.....
ਅੰਤਾਂ ਦਾ ਸੋਗ।

000

## ਪਿੰਡਾ ਜਿਉਂਦਾ ਵਸਦਾ ਰਵ੍ਹੀ

ਬਾਪੂ ਜੀ
ਸਮਾਨ ਲੱਦੀ ਗੱਡੀ 'ਚ ਬੈਠਣ ਲੱਗਿਆਂ
ਪਿੰਡ ਵੱਲ ਮੂੰਹ ਕਰ ਕੇ
ਆਖਣ ਲੱਗੇ
ਪਿੰਡਾ ਜਿਉਂਦਾ ਵੱਸਦਾ ਰਵ੍ਹੀਂ
ਇਹ ਸੁਣ-
ਪਾਪਾ ਧੜੰਮ ਕਰ ਕੇ
ਧਰਤੀ ਤੇ ਡਿਗ ਪਏ
ਮੰਮੀ ਦੀ ਧਾਹ ਨਿਕਲ ਗਈ
ਅਸੀਂ ਸਾਰੇ ਸੁੰਨ ਹੋ ਗਏ

੦੦੦

## ਬਾਰੂਦੀ ਝੱਖੜ

ਕੀ ਹੋਇਆ
ਜੇ ਦਿਨ ਦੀਵੀ ਹੀ
ਨਿਗਲ ਗਿਆ ਹੈ.....
ਬਾਰੂਦੀ ਝੱਖੜ ਪੁੱਤ ਮਾਵਾਂ ਦੇ।
ਵਾਂਝ ਕਰ ਗਿਆ ਹੈ
ਫਿਰਕੂ ਨਫਰਤ ਦੇ ਬੀਜ, ਬੀਜ ਕੇ
ਚਮਨ ਬਹਾਰਾਂ ਮੇਲਦੀਆਂ
ਸੋਨਾ ਉਗਲਦੀਆਂ ਥਾਵਾਂ ਦੇ।
ਰਾਖ ਕਰ ਗਿਆ ਹੈ...
ਹਰ ਦੇਹਲੀ ਅੰਦਰ
ਨੱਚਦੇ, ਟੱਪਦੇ, ਗਾਉਂਦੇ
ਹਸੂੰ, ਹਸੂੰ ਕਰਦੇ, ਚਾਵਾਂ ਦੇ,
ਉਡਾ ਲੈ ਗਿਆ ਹੈ......
ਕਿਤੇ ਦੂਰ ਦੁਰਾਡੇ ਅੱਖੋਂ ਉਹਲੇ
ਬੁੱਲ੍ਹੇ ਠੰਡੀਆਂ ਮਿੱਠੀਆਂ ਛਾਵਾਂ ਦੇ।
ਭਰ ਗਿਆ ਹੈ.........
ਪੱਲੇ ਆਪਣੀ ਹੈਸੀਅਤ ਦੇ
ਅੰਨ੍ਹੇ ਵਾਹ ਘੋੜੇ ਦੁੜਾਉਂਦਾ
ਹੌਕੇ ਹੰਝੂ ਸਿੱਸਕੀਆਂ ਤੇ ਸੁੰਨੀਆਂ ਥਾਵਾਂ ਦੇ।
ਪਰ।
ਸੁਲਗਾ ਗਿਆ ਹੈ.....
ਇਕ ਚੰਗਿਆੜੀ ਵੀ
ਹਰ ਚੇਤਨ ਮਨ ਦੇ ਅੰਦਰ
ਇਹ ਕਿਉਂ ਤੇ ਕਿਸ ਲਈ?
ਮਿਟਾ ਰਿਹਾ ਖੁਰਾ ਖੋਜ
ਚਾਨਣ ਵੰਡਦਿਆਂ ਨਾਵਾਂ ਦੇ।

ooo

## ਕਤਲ ਕਿਉਂ ਹੁੰਦੇ ਐ

ਹਿੰਦੂ-ਮੁਸਲਿਮ-ਸਿਖ-ਇਸਾਈ
ਅਸੀਂ ਹਾਂ ਸਾਰੇ ਭਾਈ ਭਾਈ
ਅੱਜ
ਪਾਠ ਪੜ੍ਹਾਂਦਿਆਂ ਪੜ੍ਹਾਂਦਿਆਂ
ਬੱਚਿਆਂ ਨੇ ਸੁਆਲ ਕੀਤਾ ਸੀ
ਮੈਡਮ।
ਜੇ ਹਿੰਦੂ ਸਿਖ ਮੁਸਲਮਾਨ ਇਸਾਈ
ਸਾਰੇ ਭਾਈ ਭਾਈ ਐ
ਤਾਂ ਇਕ ਦੂਜੇ ਦਾ
ਕਤਲ ਕਿਉਂ ਕਰਦੇ ਐ ?

ooo

## ਲੈ ਧਰਮ ਦੀ ਓਟ

ਧਰਮੀ ਦੀ ਲੈ ਓਟ
ਜੋ ਚਾਦਰ ਤੂੰ ਆਪਣੇ
ਓਪਰ ਪਾਈ ਹੈ
ਉਹ ਸਾਡੇ ਲਹੂ ਨਾਲ ਭਿੱਜੀ ਹੈ॥
ਲੋਕਾਂ ਦੇ ਲਹੂ ਨਾਲ ਭਿੱਜੀ ਹੈ॥
ਤੂੰ ਪਾਣੀ ਵਾਂਗ ਰੋੜ੍ਹ
ਬੇਦੋਸ਼ੇ ਲੋਕਾਂ ਦਾ ਲਹੂ
ਕੀਤੀ ਲਾਲੋ ਲਾਲ
ਪੰਜਾਬ ਦੀ ਮਿੱਟੀ ਹੈ।
ਤੂੰ ਖੂੰਨੀ ਚਹੇਤਿਆਂ ਦੇ
ਗਰੂਰ 'ਚ ਡੁੱਬ
ਚਲਾਈ ਹਵਾ ਚੁਫੇਰੇ
ਨਫ਼ਰਤ ਭਿੱਟੀ ਹੈ। ਧਰਮ.......

ਚਾਰੇ ਪਾਸੇ ਛਾਇਆ ਮਾਤਮ
ਰੰਗ ਬਰੰਗੀਆਂ ਦੀ ਥਾਵੇਂ
ਪ੍ਰਧਾਨ ਚੁੰਨੀ ਚਿੱਟੀ ਹੈ।
ਲੋਕਾਂ ਨੂੰ ਸਮਝ ਬੇ ਅਬਾਦ ਸਰਕੜਾ
ਹਰ ਸਿਰ ਦੀ ਅੱਜ
ਮੌਤ ਤੂੰ ਮਿੱਥੀ ਹੈ। ਧਰਮ........

ਭਾਵੇਂ ਟਹਿਕਦੇ ਫੁੱਲਾਂ ਕਲੀਆਂ ਨੂੰ
ਪੈਰਾਂ 'ਚ ਮਧੋਲ
ਮਹਿਕ ਤੂੰ ਰੋਲ ਦਿੱਤੀ ਹੈ
ਪਰ !
ਕਰ ਨਾ ਭੁੱਲ ਤੂੰ
ਤੇਰੀਆਂ ਕਮੀਨੀਆਂ ਹਰਕਤਾਂ ਤੇ ਵੀ
ਮਾਂ ਧਰਤ ਦੀ ਆਵਰੂ
ਨਾ ਪੈਣੀ ਛਿੱਥੀ ਹੈ।
ਤੇਰੇ ਜ਼ੁਲਮਾਂ ਅੱਗੇ
ਮਘਦੇ ਸੂਰਜਾਂ ਦੀ ਲਾਲੀ

ਨਾ ਪੈਣੀ ਕਦੇ ਫਿੱਕੀ ਹੈ।

ਧਰਮ......
ਇਤਿਹਾਸ ਦੇ ਪੰਨਿਆਂ ਤੇ
ਸੱਚ ਨੂੰ ਉਕਰਨ ਵਾਲੀ ਕਲਮ
ਤੇਰੀ ਤਲਵਾਰ ਨਾਲੋਂ
ਕਿਤੇ ਵੱਧ ਤਿੱਖੀ ਹੈ।
ਧਰਮ ਦੀ ਲੈ ਓਟ......
ਜੋ ਚਾਦਰ ਤੂੰ ਆਪਣੇ
ਉੱਪਰ ਪਾਈ ਹੈ
ਉਹ ਸਾਡੇ ਲਹੂ ਨਾਲ ਭਿੱਜੀ ਹੈ
ਲੋਕਾਂ ਦੇ ਲਹੂ ਨਾਲ ਭਿੱਜੀ ਹੈ!!

੦੦੦

## ਉਹ ਕੌਣ ਹੈ

ਹਰ ਮਨੁੱਖ
ਸਵੇਰ ਤੋਂ ਸ਼ਾਮ ਤੱਕ
ਸ਼ਾਮ ਤੋਂ ਅਗਲੀ ਸਵੇਰ ਤੱਕ
ਸੂਹੇ ਫੁੱਲਾਂ ਦੇ ਖਿੜਨ ਦੀ
ਆਸ ਨਾਲ ਜੀਅ ਰਿਹਾ ਹੈ।
ਐ ਪਰ!
ਉਹ ਕੌਣ ਹੈ?
ਜੋ ਆਏ ਰੋਜ਼ ਹੀ........
ਇਸ ਆਸ ਦੇ ਲਹੂ ਨਾਲ
ਆਪਣੀਆਂ ਛਵੀਆਂ ਰੰਗਣ ਦੀ
ਕੋਸ਼ਿਸ਼ ਕਰ ਰਿਹਾ ਹੈ!!

ooo

## ਲਾਲ ਰੰਗ

ਮੰਮੀ
ਤੁਹਾਨੂੰ ਸਾਰੇ ਰੰਗਾਂ ਵਿਚੋਂ-
ਕਿਹੜਾ ਰੰਗ ਚੰਗਾ ਲੱਗਦਾ ਐ ?
ਮੰਮੀ ਅਜੇ ਨਿਰ ਉੱਤਰ ਸੀ
ਟਿੰਕੂ ਇਕ ਦਮ ਬੋਲ ਪਿਆ-
ਮੰਮੀ ਮੈਨੂੰ ਤਾਂ ਸਾਰਿਆਂ ਰੰਗਾਂ ਵਿਚੋਂ
ਲਾਲ ਰੰਗ ਬਹੁਤ ਈ ਚੰਗਾ ਲੱਗਦੈ।
ਮੰਮੀ ਇਕ ਦਮ ਚੌਂਕ ਪਈ-
ਨਹੀਂ.....ਨ.....ਹੀਂ.........
ਲਹੂ........ਲਹੂ........ਲਹੂ ਦਾ ਛੱਪੜ
ਨਿਰਦੋਸ਼ਾਂ ਦਾ ਲਹੂ
ਲਹੂ ਨਹੀਂ ਮੰਮੀ
ਲਾਲ ਰੰਗ.....
ਟਿੰਕੂ ਬੋਲ ਰਿਹਾ ਸੀ
ਮੰਮੀ ਬੇਹੋਸ਼ ਸੀ।

ooo

## ਸ਼ੋਰ

ਉੱਚੀ ਉੱਚੀ
ਸ਼ੋਰ ਸ਼ਰਾਬਾ ਸੁਣ
ਮੈਂ ਅੱਭੜ ਬਾਹੇ ਉੱਠ ਬੈਠੀ
ਸ਼ੋਰ ਸ਼ਰਾਬਾ ਹੋਰ ਉੱਚੀ ਹੋਇਆ
ਬਚਾਓ! ਬਚਾਓ! ਬਚਾਓ!!!
"ਇਹ ਕੌਣ ਤੇ ਕਿਉਂ?"
ਸ਼ਬਦ ਆਪ ਮੁਹਾਰੇ ਵਗ ਤੁਰੇ
ਕੋਲ ਪਈ ਮਾਂ ਨੇ.....
ਮੇਰੇ ਮੂੰਹ 'ਤੇ ਹੱਥ ਰੱਖ ਦਿੱਤਾ

'ਚੁੱਪ'
ਉਹ ਇੱਧਰ ਵੀ ਆ ਜਾਣਗੇ
ਮੈਨੂੰ ਸਿਰਫ.....
ਮਾਂ ਦੇ ਬੁੱਲ੍ਹ ਹੀ ਹਿਲਦੇ ਜਾਪੇ।
ਫਿਰ ਅੱਧ ਖੁੱਲੀਆਂ ਅੱਖਾਂ ਨਾਲ
ਮੈਂ ਆਪਣੇ ਨਾਲ ਦੀ ਕੰਧ ਉਪਰੋਂ ਦੀ
ਗੁਆਂਢੀਆਂ ਦੇ ਵਿਹੜੇ ਵਿਚ ਤੱਕਿਆ
ਤਾਂ ਜ਼ਬਰਦਸਤੀ ਦੇ ਪ੍ਰਾਹੁਣੇ
ਘਰ ਦੇ ਮਾਲਕ ਬਣ
ਧਮਕੀਆਂ ਦੇ ਨਾਲ ਨਾਲ
ਹੁਕਮ ਵੀ ਚਲਾ ਰਹੇ ਸਨ।
ਬਾਹਰਲੇ ਗੇਟ ਦੀਆਂ ਚਾਬੀਆਂ ਸਾਨੂੰ ਫੜ੍ਹਾ ਦਿਓ।

ਤੇ ਤੁਸੀਂ...
ਤੁਸੀਂ ਆਪੋ ਆਪਣਿਆਂ ਕਮਰਿਆਂ 'ਚ ਜਾ
ਚੁੱਪ ਕਰ ਕੇ ਸੌਂ ਜਾਓ
ਗੇਟ ਦੇ ਨਾਲ ਵਾਲਾ ਕਮਰਾ
........ਅੱਜ ਸਾਡਾ ਹੈ।
ਦਹਿਸ਼ਤ ਦੇ ਸਾਏ ਹੇਠ
ਉੱਚੀ ਉੱਚੀ ਪੈਂਦਾ ਸ਼ੋਰ,
ਹਾੜੇ ਕੱਢਦਾ ਵਾਸਤੇ ਪਾਉਂਦਾ
ਖਾਮੋਸ਼ ਹੋ ਗਿਆ।

ooo

## ਮੰਤਰੀ ਦਾ ਭਾਸ਼ਣ

ਬੱਸ!
ਤੁਸੀਂ ਥੋੜੇ ਜਿਹੇ
ਗੁੰਝਲਦਾਰ ਮਸਲੇ ਸੁਲਝਾਉਣ ਦਿਓ
ਫੇਰ.......
ਅਸੀਂ ਡਾਕਟਰਾਂ ਦੀਆਂ ਟੋਲੀਆਂ ਬਣਾ ਕੇ
ਪੂਰੀ ਤਰ੍ਹਾਂ ਸਰਵੇ ਕਰਾਉਣ ਲਈ ਭੇਜਾਂਗੇ
ਕਿ........
ਪੰਜਾਬ ਵਿਚ ਨਿਰਦੋਸ਼ਾਂ ਦਾ
ਕਿੰਨਾ ਕੁ ਲਹੂ ਡੁਲਿਆ?
ਤਿੱਖੀ ਚਲਦੀ ਹਵਾ 'ਚ
ਕਿੰਨਾਂ ਕੁ ਜ਼ਹਿਰ ਘੁਲਿਆ?

ooo

## ਚੰਦਰੀਏ ਹਵਾਏ

ਮੇਰੇ ਪਿੰਡ ਦੀ ਜੂਹੇ
ਚਲਦੀਏ ਨੀ ਚੰਦਰੀਏ ਹਵਾਏ।
ਕਿਉਂ ਹੋਕੇ , ਬੇ ਮੁੱਖ
ਨਿਰਦੋਸ਼ਾਂ ਤੇ ਕਹਿਰ ਵਹਾਏ ?
ਕਿਉਂ ਭਰ ਹਿੱਕਾਂ 'ਚ ਬਾਰੂਦ
ਖੂੰਨੀ ਦਰਿਆਵਾਂ ਦੇ ਹੜ੍ਹ ਵਗ੍ਹਾਏ ?
ਕਿਉਂ ਆਵਰੂ ਦੀ ਝੋਲੀ 'ਚ
ਆਹਾਂ ਦੇ ਅੰਗਿਆਰ ਵਿਛਾਏ ?
ਬੋਲ !
ਬੋਲ ਕੋਮਲ ਹਿਰਦਿਆਂ ਨੂੰ
ਚੀਰਦੀਏ ਨੀ ਚੰਦਰੀਏ ਹਵਾਏ
ਕਿਉਂ ਦੁੱਧ ਦੰਦੀਆਂ ਨੂੰ ਵੀ ਡੰਗ ਗਿਆ ਹੈ
ਫਿਰਕਾ ਪ੍ਰਸਤੀ ਦਾ ਜ਼ਹਿਰੀ ਨਾਗ ?
ਕਿਉਂ ਵੈਣਾਂ 'ਚ ਗਏ ਬਦਲ
ਮੋਹ ਮੁਹੱਬਤਾਂ ਦੀਆਂ ਹੇਕਾਂ ਤੇ ਰਾਗ ??
ਕਿਉਂ ਸਹਿਮ ਪੱਲੇ ਪਾਈ
ਥਾਂ ਥਾਂ ਭਟਕਦੇ ਹੱਸਦੇ ਵਸਦੇ ਬਾਗ ??
ਵੇਖ !
ਵੇਖ ਅਟੁੱਟ ਰਿਸ਼ਤਿਆਂ 'ਚ ਵੰਡੀਆਂ
ਪਾਉਣ ਵਾਲੀਏ ਨੀ ਚੰਦਰੀਏ ਹਵਾਏ।
ਕਿੰਝ ਖਾਲੀ ਧਾਰਾਂ ਪਏ ਮਾਰਦੇ
ਤੀਲਾ ਤੀਲਾ ਕਰ ਬਣਾਏ ਰੈਣ ਬਸੇਰੇ ?
ਕਿੰਝ ਨਿਰਦੋਸ਼ ਮਾਸੂਮ ਸੋਹਲ ਪਿੰਡਿਆਂ ਦੇ
ਲਟ ਲਟ ਮਚਦੇ ਭਾਂਬੜ ਚਾਰ ਚੁਫੇਰੇ ??
ਕਿੰਝ ਘੁੱਪ ਹਨੇਰਿਆਂ ਵਰਗੇ ਹੋਏ
ਸੂਰਜ ਦੀ ਚੜ੍ਹਦੀ ਲਾਲੀ ਦੇ ਸੋਨ ਸਵੇਰੇ ??

ਸੁਣ!
ਸੁਣ ਹਰੀਆਂ ਕਚੂਰ ਕਲੀਆਂ ਨੂੰ
ਕੀਤੇ ਨੂੰ ਲੂਸਦੀਏ ਨੀ ਚੰਦਰੀਏ ਹਵਾਏ
ਕੀ ਤੇਰੇ ਵਹਿਸ਼ੀਪੁਣੇ ਦੇ ਤਾਂਡਵ ਨਾਚ ਨੂੰ
ਆਉਣ ਵਾਲਾ 'ਕਲ' ਮੁਆਫ਼ ਕਰੇਗਾ?
ਕੀ ਮਾਂ ਧਰਤੀ ਦੇ ਜਾਇਆਂ ਦੇ
ਸੀਨੇ ਖੁੱਭੇ ਬਰਸ਼ਿਆਂ ਨੂੰ ਦੇਖ ਜਰੇਗਾ?
ਕੀ ਧਰਮਾਂ, ਫਿਰਕਿਆਂ ਦੇ ਨਾਂ ਤੇ
ਝੁਲਾਏ ਜਾਂਦੇ ਖ਼ੂਨੀ ਝੱਖੜਾਂ ਨੂੰ ਅਣਡਿੱਠ ਕਰੇਗਾ??
ਨਹੀਂ..........
ਕਦਾਚਿਤ ਨਹੀਂ ਬਖ਼ਸ਼ੇਗਾ
ਤੈਨੂੰ ਆਉਣ ਵਾਲਾ 'ਕਲ੍ਹ'
ਮੇਰੇ ਪਿੰਡ ਦੀ ਜੂਹੇ।
ਚਲਦੀਏ ਨੀ ਚੰਦਰੀਏ ਹਵਾਏ।

ooo

## ਹੁਣ ਤਾਂ

ਹੁਣ ਤਾਂ
ਧੀਆਂ ਤੀਆਂ ਵਿਚ ਪੀਂਘਾਂ ਨਹੀਂ ਝੂਟਦੀਆਂ
ਖੁੱਸ ਗਈਆਂ ਰੱਖੜੀਆਂ ਦੇ ਕੀਰਨੇ ਪਾਉਦੀਆਂ ਹਨ।
ਹੁਣ....
ਬੱਚੇ ਖੁਸ਼ੀ 'ਚ ਚਾਂਬੜਾਂ ਨਹੀਂ ਪਾਉਂਦੇ
ਮਾਂ ਬਾਪ ਦੇ ਪਿਆਰ ਨੂੰ ਤਰਸਦੇ
ਅਸਮਾਨ ਜਿੱਡੇ ਹੌਕੇ ਭਰਦੇ ਹਨ।
ਹੁਣ.....
ਮਾਵਾਂ ਪੁੱਤਾਂ ਦੇ ਆਉਣ ਦੀ ਉਡੀਕ 'ਚ
ਬਾਹਰੋਂ ਕੁੰਡਾ ਖੜਕਣ ਦੀਆਂ
ਬਿੜਕਾਂ ਨਹੀਂ ਲੈਂਦੀਆਂ
ਹਤਿਆਰਿਆਂ ਦੀ ਮੌਤ ਦਾ
ਇੰਤਜ਼ਾਰ ਕਰਦੀਆਂ ਹਨ।
ਹੁਣ..........
ਰਾਹ ਨਹੀਂ ਤੱਕਦੇ
ਸੁਹਾਗਣਾ ਦੇ ਹਾਰ ਸ਼ਿੰਗਾਰ।
ਸਿਰ ਤੇ ਚਿੱਟੇ ਕਫ਼ਨ ਬੰਨ੍ਹ
ਕਤਲਾਂ ਦਾ......
ਬਦਲਾ ਲੈਣ ਦੀ ਲੋਚਦੇ ਹਨ।

ooo

## ਮਹਾਂ ਮਹਾਂ ਬਹਾਦਰ

ਕਿੰਨਾ ਬਹਾਦਰ ਸੀ ਉਹ ?
ਪੂਰੀ ਰਿਆਸਤ ਦਾ ਮਾਲਕ
ਨਿਤ ਸ਼ਿਕਾਰ ਖੇਡਦਾ ਰਿਹਾ।
ਬੀਆਬਾਨ, ਜੰਗਲਾਂ, ਪਹਾੜੀਆਂ
ਨਹਿਰਾਂ, ਦਰਿਆਵਾਂ, ਸਮੁੰਦਰਾਂ ਦੇ
ਕੰਢਿਆਂ ਤੇ ਨਹੀਂ।
ਸਗੋਂ.......
ਪਿੰਡਾਂ ਦੀਆਂ ਸੱਥਾਂ
ਭੀੜ ਭੜੱਕੇ ਵਾਲੇ ਬਾਜ਼ਾਰਾਂ, ਸ਼ਹਿਰਾਂ
ਬੱਸ ਅੱਡਿਆਂ, ਰੇਲਵੇ ਸ਼ਟੇਸ਼ਨਾਂ ਤੇ
ਸੁੱਤੇ ਪਏ ਅਣਭੋਲ ਲੋਕਾਂ ਤੇ।

ਮਹਿੰਦੀ ਰੰਗੇ ਹੱਥ ਲਹੂ ਨਾਲ ਧੋਂਹਦਾ ਰਿਹਾ
ਪੂੰਝਦਾ ਰਿਹਾ ਨਿਤ ਸੱਜਰੇ ਸੰਧੂਰ
ਸ਼ਗਨਾ ਬੱਧੇ ਕਲੀਰੇ ਉਡਾਉਂਦਾ ਰਿਹਾ
ਕਰਦਾ ਰਿਹਾ ਰੱਖੜੀਆਂ ਚਕਨਾਚੂਰ।
ਆਵਰੂ ਦੀ ਝੋਲੀ ਨੂੰ ਕਰ ਦਾਗੋ ਦਾਗ,
ਬੇ ਹਤਾਸ਼ਾ ਮੌਜ ਮੇਲੇ ਉਡਾਉਂਦਾ ਰਿਹਾ।
ਮਾਵਾਂ ਦੇ ਕਾਲਜੇ ਫਲੂਹੇ ਸੁਟਦਾ ਰਿਹਾ।
ਬੁਢਾਪੇ ਦਾ ਸਹਾਰਾ ਮਰੋੜਦਾ ਰਿਹਾ।
ਜਬਰੀ ਫਿਰੌਤੀਆਂ ਵਟੋਰਦਾ ਰਿਹਾ।
ਮਿੱਠੀਆਂ ਤੋਤਲੀਆਂ ਅਵਾਜ਼ਾਂ ਦੇ
ਕਰਦਾ ਰਿਹਾ ਫੂਸੜੇ ਫੂਸੜੇ।

ਹੱਕ ਲਈ ਜੂਝਦੀਆਂ
ਰੋਹਲੀਆਂ ਅਵਾਜ਼ਾਂ ਦੇ
ਕਰਦਾ ਰਿਹਾ ਟੁਕੜੇ ਟੁਕੜੇ।
ਆਪਣੀ ਹੈਸੀਅਤ ਦੇ ਅੰਨ੍ਹੇ ਵਾਹ
ਘੋੜੇ ਦੁਆਉਂਦਾ ਧਰਮ ਮਜਹਬ
ਕੌਮ ਦੇ ਨਾਂ ਤੇ........

ਹਰ ਘਰ ਦੀ ਸਰਦਲ ਉੱਤੇ
ਫਾਹੁੜੀ ਵਿਛਾਉਂਦਾ ਰਿਹਾ।
ਬਹਾਦਰ ਸੀ ਨਾ ਉਹ।
ਮਹਾਂ ਮਹਾਂ ਬਹਾਦਰ

ਨਿੱਤ ਨਿਸ਼ਾਨਾ ਬਣ ਰਹੀਆਂ ਬਾਹਵਾਂ
ਕੱਠੀਆਂ ਹੋ ਸਾਝਾਂ ਦੀ ਗੁਰਬਤ ਪਾਈ
ਛੁਪਕੇ ਬੈਠੇ ਖੂਨੀ ਖਿਡਾਰੀ ਨੂੰ
ਚੁਫੇਰਿਓਂ ਘੇਰਾ ਪਾਇਆ
ਫਿਰ ਤੱਕ ਘਿਰਿਆ ਆਪਣੇ ਆਪ ਨੂੰ
ਸੰਤਾਲੀ ਚੌਫਾਲ ਭੁੰਜੇ ਡਿੱਗੀ
ਥਰ ਥਰ ਕੰਬਦੇ ਹੱਥਾਂ ਨਾਲ
ਝੱਟ ਕੱਢ ਜੇਬ 'ਚੋਂ 'ਸਾਈਨਾਈਡ'
ਉਸ ਆਪਣਾ ਆਪ ਮੁਕਾਇਆ।
ਕਿੰਨਾ ਬਹਾਦਰ ਸੀ ਉਹ ?
ਪੂਰੀ ਰਿਆਸਤ ਦਾ ਮਾਲਕ
ਮਹਾਂ ਮਹਾਂ ਬਹਾਦਰ

000

## ਧਰਮ ਕਰਮ

ਕੜਕਵੀਂ ਤੇ ਗਰਜ਼ਵੀਂ
ਆਵਾਜ਼ 'ਚ ਫ਼ੁਰਮਾਨ ਹੋਇਆ
ਚਿੜੀਓਂ......
ਚਹਿਕਣਾ ਬੰਦ ਕਰ ਦਿਓ
ਖੰਭ ਖਿਲਾਰ ਕੇ ਤੁਰਨਾ ਫਿਰਨਾ
ਬੰਦ ਕਰ ਦਿਓ!
ਖਾਸ ਕਿਸਮ ਦੀ!
ਚੀਂ ਚੀਂ ਕਰ ਨਾ ਸਿੱਖੋ
ਅੱਖਾਂ ਕੰਨ੍ਹਾਂ ਤੇ
ਪੱਟੀਆਂ ਬੰਨ੍ਹ ਕੇ ਰੱਖੋ।
ਖਾਸ ਕਿਸਮ ਦੀਆਂ
ਪੋਸ਼ਾਕਾਂ ਪਾਓ
ਮੂੰਹਾਂ ਤੇ ਖਾਮੋਸ਼ੀ ਦੇ
ਤਾਲੇ ਲਾਓ।
ਹੁਣ ਬਾਜ਼ਾਂ ਦਾ ਰਾਜ ਹੈ।
ਅਣਖੀ ਚਿੜੀਆਂ 'ਚ....
ਖਿਲਾਅ ਪੈਦਾ ਹੋਇਆ
ਬੋਲੀਆਂ ਕਰ ਇਕੱਠਾ
ਤਾਕਤ ਖੋਇਆ
ਬਾਜ਼ ਸਾਹਬੋ!
ਤੁਸੀਂ ਸਿਰਫ਼.....
ਅੰਨ੍ਹਾਂ ਜਨੂੰਨ ਭੜਕਾਉਣਾ
ਚਿੜੀਆਂ ਨੂੰ ਦਬਾਉਣਾ
ਹੀ ਸਿੱਖਿਆ ਹੈ?
ਕੀ ਇਹੋ ਤੁਹਾਡਾ ਧਰਮ ਹੈ?
ਕੀ ਇਹੋ ਤੁਹਾਡਾ ਕਰਮ ਹੈ?

ooo

## ਰੱਤੋ

ਅਜੇ ਕੱਲ ਹੀ ਸੁੱਖਾਂ ਲੱਦੇ ਕਲੀਰੇ ਪਾ
ਡੋਲੀਓਂ ਉਤਰੀ ਸੀ 'ਰੱਤੋ'
ਗੁਲਾਬੀ ਸੂਟ ਹੱਥੀਂ ਲਾਲ ਚੂੜਾ
ਮੱਥੇ ਸੁਹਾਗ ਦੀ ਬਿੰਦੀ ਮਾਂਗ 'ਚ ਸੰਧੂਰ
ਮਾਂ ਦੇ ਪਾਣੀ ਵਾਰ ਕੇ
ਪੀਣ ਵੇਲੇ ਦਹਿਲੀਜ਼ਾਂ 'ਚ ਖੜੀ
ਇੰਝ ਲੱਗ ਰਹੀ ਸੀ
ਜਿਵੇਂ ਹੋਵੇਂ ਅਰਸ਼ੋਂ ਉਤਰੀ ਪਰੀ।
ਅਤਿਅੰਤ ਖੁਸ਼ੀਆਂ ਲੱਦੀ ਰਾਤ ਲੰਘੀ
ਪਹੁ ਫੁਟਾਲਾ ਹੁੰਦਿਆਂ......
ਖੂਨ ਦੇ ਪਿਆਸੇ ਖੂੰਖਾਰ ਬਘਿਆੜਾਂ
'ਰੱਤੋ' ਦਾ ਸੂਰਜ ਹਰਿਆ
ਹੌਕੇ, ਹੰਝੂ, ਵੈਣਾ ਬੁੱਕੋ ਬੁਕ ਪੱਲਾ ਭਰਿਆ।
ਕਲੀਰਿਆਂ ਨੂੰ ਲਾਂਬੂ ਲੱਗਿਆ
ਤਿੜ ਤਿੜ ਕਰਦਾ ਚੂੜਾ ਟੁੱਟਿਆ
ਫੁੱਲ ਬੂਟੇ ਪਾ ਸਜਾਈ ਮਹਿੰਦੀ ਕਾਲੀ ਹੋਈ
ਰੱਤੋ ਮਾਰ ਮਾਰ ਦੁਹੱਥੜਾਂ ਰੋਈ
ਉੱਠ ਸੂਰਜਾ ਵੇ......
ਉੱਠ ਚਾਨਣਾ ਵੇ.....
ਤੇਰੇ ਬਾਝੋਂ ਚਾਰੇ ਪਾਸੇ ਹੋਇਆ ਨ੍ਹੇਰਾ
ਤੇਰੇ ਬਾਝੋਂ ਰੁਸਿਆ ਜੱਗ ਮੇਰਾ
ਉੱਠ ਸੂਰਜਾ ਵੇ......
ਉੱਠ ਚਾਨਣਾ ਵੇ......
ਪਰ!
ਉਹ ਤਾਂ......
ਉਹ ਤਾਂ ਤੁਰ ਗਿਆ ਸੀ
ਦਿਲ 'ਚ ਸਾਂਭ ਜ਼ਿੰਦਗੀ ਜਿਉਣ ਦੇ ਅਰਮਾਨ
ਚਾਅ ਚੜੀਆਂ ਉਸ ਦੀਆਂ ਵਿਚ ਸ਼ਮਸ਼ਾਨ
ਸੇਜਲ ਅੱਖਾਂ ਵੇਹੜਾ ਭਰਿਆ
ਸਹਿਮਿਆ ਸਹਿਮਿਆ ਡਰਿਆ ਡਰਿਆ

ਕੁਝ ਦੇਣ ਦਿਲਾਸਾ.....
ਕੁੱਝ ਦੇਣ ਦਿਲਾਸਾ ਬੱਸ ਚੁੱਪ ਕਰ ਧੀਏ
ਬੱਸ! ਕਮਲੀ ਹੋ ਜਾਵੇਂਗੀ
ਬੱਸ! ਪਗਲੀ ਹੋ ਜਾਵੇਗੀ
ਕੁੱਝ ਕਹਿਣ ਡਾਢੀ ਕਰਮ ਨਿਮਾਣੀ
ਕੁੱਝ ਕਹਿਣ ਕੁਲਛਣੀ ਖਸਮ ਨੂੰ ਖਾਣੀ
ਰੰਗ ਬਿਰੰਗੀਆਂ ਗੱਲਾਂ ਛਿੜੀਆਂ
ਵੱਖੋ ਵੱਖਰੀਆਂ ਸੋਚਾਂ ਭਿੜੀਆਂ
ਅਣ ਕਿਆਸੀਆਂ ਗੱਲਾਂ ਸੁਣ....
ਰੱਤੇ ਦੇ ਅੰਦਰਲਾ ਸੂਰਜ ਜਾਗਿਆ
ਕਿਹੜਾ ਮੇਰੇ ਸਿਰ ਦਾ ਸਾਂਈ ਖਾ ਗਿਆ
ਬੋਲੀ ਫਿਰ ਉਹ..........
ਬੋਲੀ ਸਿਰ ਉੱਤੇ ਚੁੰਨੀ ਚਿੱਟੀ
ਚੁਫੇਰੇ ਤੱਕ ਹਵਾ ਨਫ਼ਰਤਾਂ ਭਿੱਟੀ
ਮੱਥੇ ਲਾ ਲਹੂ ਰੰਗੀ ਮਿੱਟੀ
ਉਦੋਂ ਤੱਕ ਨਹੀਂ ਬੁਝੇਗੀ
ਪਿਆਸ ਮੇਰੀ ਵੀ ਬੇਸ਼ੁਮਾਰ
ਜਦੋਂ ਤੱਕ ਕਾਤਲਾ ਤੇਰੇ ਲਹੂ ਨਾਲ
ਲਵਾਂ ਨਾ ਬਲਦਾ ਸੀਨਾ ਠਾਰ

ooo

## ਸੂਹੀ ਪੌਣ ਦੇ ਬੋਲ

### ਸੇਵੇਵਾਲ ਦੇ ਸ਼ਹੀਦਾਂ ਨੂੰ ਸਮਰਪਤ

ਕਾਤਲੋਂ!
ਤੁਸੀਂ ਵਿਦੇਸ਼ੀ ਹਾਕਮਾਂ ਦੇ ਹੁਕਮਨਾਵੇਂ ਤੇ,
ਏ. ਕੇ-47 ਨਾਲ ਫੁੱਲ ਮਾਲਾ ਚੜ੍ਹਾਉਂਦੇ ਹੋ।
ਖੂਨੀ ਬਘਿਆੜਾਂ ਦੇ ਅੱਖ ਦੇ ਇਸ਼ਾਰੇ 'ਤੇ,
ਬੇਗੁਨਾਹਾਂ ਦੇ ਲਹੂ ਦੇ ਦਰਿਆ ਵਗਾਉਂਦੇ ਹੋ।
ਮਾਂ ਧਰਤੀ ਦੀ ਛਾਤੀ 'ਚ ਖੰਜਰ ਖੋਭ ਕੇ,
ਜਰਵਾਣਿਆਂ ਦੀ ਸੇਵਾ 'ਚ ਪੂਛ ਹਿਲਾਉਂਦੇ ਹੋ।
ਸੇਵੇਵਾਲ ਦੀ ਧਰਤੀ 'ਤੇ ਤੁਸੀਂ ਕਹਿਰ ਵਰ੍ਹਾ ਕੇ,
ਸਾਡੇ ਸਿਦਕ ਨੂੰ ਅਜਮਾਉਣਾ ਚਾਹਿਆ।
ਬੰਬਾਂ ਬੰਦੂਕਾਂ ਨਾਲ ਮੀਂਹ ਵਰਾਇਆ।
ਤੁਸੀਂ ਭਰਮ ਪਾਲਿਆ ਹੋਣਾ ਕਿ ਸ਼ਾਇਦ-
ਇਹ ਕਾਫ਼ਲੇ ਬੰਦੂਕਾਂ ਅੱਗੇ ਰੁਕ ਜਾਣਗੇ
ਕਹਿਰ ਦੀ ਅੱਗ ਅੱਗੇ ਸ਼ਾਇਦ-
ਇਹ ਸਿਰ ਹਮੇਸ਼ਾਂ ਲਈ ਝੁਕ ਜਾਣਗੇ।
ਇਹ ਤੁਹਾਡੀ ਆਪਣੇ ਵਡੇਰਿਆਂ ਵਰਗੀ ਵੱਡੀ ਭੁੱਲ ਹੈ
ਪਵਿੱਤਰ ਧਰਤੀ 'ਚ ਸਮੋਇਆ ਜਗਪਾਲ ਦਾ ਲਹੂ
ਜੱਗ ਤੇ ਹਮੇਸ਼ਾਂ ਸੂਹੀਆਂ ਕਿਰਨਾਂ ਵੰਡਦਾ ਰਹੇਗਾ।
ਤੁਹਾਡੀਆਂ ਹਿੱਕਾਂ 'ਚ ਖੰਜਰ ਬਣ ਕੇ ਖੁਭਦਾ ਰਹੇਗਾ।
ਇਤਿਹਾਸ ਦੇ ਪੰਨਿਆਂ ਤੇ ਉਕਰੇ ਗਏ ਨੇ
ਅਸਾਲਟਾਂ ਨਾਲ ਮੁਕਾਬਲਾ ਕਰਦੇ ਹੋਏ ਮੇਘ ਰਾਜ ਦੇ ਬੋਲ।
ਖੂਨੀ ਉਡਵਾਇਰੋ!
ਅਸੀਂ ਤਾਂ ਮਰਕੇ ਵੀ ਜਿਉਂਦੇ ਹੀ ਰਹਾਂਗੇ
ਅਸੀਂ ਤਾਂ ਕੂੜ ਨੂੰ ਕੂੜ ਤੇ ਸੱਚ ਨੂੰ ਸੱਚ ਹੀ ਕਹਾਂਗੇ।
ਜਿਸ ਸੀਨੇ ਗੋਲੀ ਖਾਧੀ ਮਾਂ ਭਾਗੋ ਦੀ ਵਾਰਿਸ
ਮਾਤਾ ਸਦਾ ਕੌਰ ਦੀ ਸ਼ਹਾਦਤ ਤੋਂ-
ਸਾਡੀਆਂ, ਮਾਵਾਂ, ਭੈਣਾਂ ਰੋਸ਼ਨੀ ਲੈਂਦੀਆਂ ਰਹਿਣਗੀਆਂ।
ਤੁਸੀਂ ਸਾਡੇ ਨੈਣਾਂ 'ਚ ਤੀਰ ਖਭੋਇਆ।
ਸਾਡੇ ਸੀਨਿਆਂ 'ਚ ਬਾਰੂਦ ਭਰ ਆਵਰੂ ਨੂੰ ਕੋਹਿਆ।

ਅਸੀਂ ਮਾਂ ਧਰਤੀ ਦੀਆਂ ਜਾਈਆਂ
ਜੋ ਸਦਾ ਸੁਹਾਗਣ-
ਜੰਮਦੀ ਰਹੇਗੀ ਹਮੇਸ਼ਾਂ ਹਮੇਸ਼ਾਂ
ਗੁਰਜੰਟ ਪੈਪੀ, ਕਰਮ, ਜਿੰਦਰ ਤੇ ਉਨ੍ਹਾਂ ਵਰਗੇ
ਹੋਰ ਕਈ ਸਿਰਲੱਥ ਜੋਧੇ।
ਗੋਲੀਆਂ ਵਰਾਉਣਾ ਔਰੰਗੇ ਦੇ ਰਾਹ ਆਉਣਾ
ਕੀ ਇਹੀ ਹੈ ਰਾਖ਼ਸ਼ੋ ਤੁਹਾਡਾ ਧਰਮ ?
ਅਸੀਂ ਪਿੰਡਾਂ, ਸ਼ਹਿਰਾਂ ਤੋਂ ਬੰਨ੍ਹ ਕਾਫਲੇ ਆਵਾਂਗੇ।
ਡੁੱਲ੍ਹੇ ਲਹੂ ਦਾ ਹਰ ਹਾਲਤ ਹਿਸਾਬ ਚੁਕਾਵਾਂਗੇ।
ਤੁਸੀਂ ਖ਼ੁਦਕਸ਼ੀਆਂ ਕਰੋਗੇ,
ਅਸੀਂ ਸ਼ਹਾਦਤਾਂ ਪਾਵਾਂਗੇ।

೦೦೦

## ਪੌਣ ਹੱਥ ਸੁਨੇਹਾ

### ਗਿਆਨ ਸੰਘਾ ਨੂੰ ਸਮਰਪਤ

ਮੇਰੇ ਹਮਸਫ਼ਰੋ !
ਮੈਂ ਤੁਰ ਚਲਿਆ ਹਾਂ
ਭਾਵੇਂ ਤੁਹਾਥੋਂ ਅਣਮਾਪੇ ਕੋਹਾਂ ਕੋਹਾਂ ਦੂਰ
ਸਾਡੇ ਦਰਮਿਆਨ ਦੀਵਾਰਾਂ ਨਹੀਂ ਬਣ ਸਕੀਆਂ
ਜਹਿਰੀ ਅੱਗ ਉਗਲਦੀਆਂ ਤੱਤੀਆਂ ਹਵਾਵਾਂ
ਜਿਨ੍ਹਾਂ ਸੰਗੀਨਾਂ ਦੀ ਛਾਂ ਹੇਠ ਨੇਰ੍ਹ ਮਚਾ
ਨਿਰਦੋਸ਼ਾਂ ਦੀਆਂ ਲਾਸ਼ਾਂ ਦੇ ਢੇਰ ਵਿਛਾਏ
ਕੀਤਾ ਖਿੜਦੀਆਂ ਸੱਧਰਾਂ ਨੂੰ ਚੂਰ ਚੂਰ।
ਐਪਰ ਓਹ।
ਮਿਟਾ ਨਹੀਂ ਸਕਦੇ ਕਦਾਚਿਤ ਵੀ
ਸਹਾਬਪੁਰ ਦੀ ਧਰਤੀ ਤੋਂ.........
ਕਰਾਂਤੀ ਦੀ ਮੰਜ਼ਲ ਵਲ ਵਧੇ
ਉਨ੍ਹਾਂ ਕਦਮਾਂ ਦੇ ਨਿਸ਼ਾਨ
ਜਿਹੜੇ ਆਏ ਰੋਜ਼ ਹੀ ਫੈਲਣਗੇ
ਸੂਰਜ ਦੀਆਂ ਤਿੱਖੀਆਂ ਕਿਰਨਾ ਦੇ ਨਾਲ।
ਉਹ।
ਮਿਟਾ ਨਹੀਂ ਸਕਦੇ ਕਦਾਚਿਤ ਵੀ
ਦੋ ਮੂੰਹੀ ਦਹਿਸ਼ਤਗਰਦੀ ਸੰਗ ਟਕਰਾਉਂਦੇ
ਫਿਜਾਂ 'ਚ ਗੂੰਜਦੇ ਬੋਲਾਂ ਨੂੰ
ਉਹ ਤਾਂ ਹੋਰ ਵੀ ਉੱਚੀ ਗੂੰਜਣਗੇ
ਰੌਸ਼ਨੀ ਵੱਲ ਵੱਧਦੇ ਸਵੇਰਿਆਂ ਦੇ ਨਾਲ
ਮੇਰੇ ਹਮਸਫ਼ਰੋ !
ਜਿਸ ਮੰਜ਼ਲ ਨੂੰ ਪਾਉਣ ਲਈ
ਮੈਂ ਇਹ ਰਾਹ ਸੀ ਚੁਣਿਆ
ਉਸੇ ਰਾਹ ਚਲਦਿਆਂ
ਜਬਰ ਜ਼ੁਲਮ ਅਨਿਆਂ ਵਿਰੁੱਧ
ਹਮੇਸ਼ਾਂ ਡਟ ਕੇ ਖੜ੍ਹਦੇ ਰਹਿਣਾ ਤੁਸੀਂ।

ਹਨੇਰੀਆਂ, ਝੱਖੜਾਂ, ਤੁਫਾਨਾਂ ਨੂੰ ਚੀਰਦੇ
ਨਿਰੰਤਰ, ਬੇ ਖ਼ੌਫ਼, ਬੇਪ੍ਰਵਾਹ ਹੋ
ਕਾਫਲਿਆਂ ਸੰਗ ਜੂਝਦੇ ਰਹਿਣਾ ਤੁਸੀਂ।
ਮੈਂ ਤੁਹਾਡੇ ਦਰਮਿਆਨ-
ਮਰਕੇ ਵੀ ਖੜ੍ਹਦਾ ਰਹਾਂਗਾ
ਤੁਹਾਡੇ ਬੋਲਾਂ 'ਚ ਰਹਾਂਗਾ
ਕਦਮ ਕਦਮ ਤੇ ਲੜਦਾ ਰਹਾਂਗਾ
ਮੇਰੇ ਤੇ ਝਪਟਣ ਵਾਲੇ ਖੁਦ ਮਰ ਜਾਣਗੇ।
ਮੇਰੇ ਪਰਛਾਵਿਆਂ ਤੋਂ ਵੀ ਡਰ ਜਾਣਗੇ।
ਮੇਰੇ ਹਮ ਰਾਹੀ।
ਮੰਜ਼ਲਾਂ ਨੂੰ ਪਾਉਣਗੇ
ਇਕ ਦਿਨ ਅਵੱਸ਼ ਪਾਉਣਗੇ।

ooo




:ਸਮਾਪਤ: